
# ਆਤਮ ਰੰਗ

ਜਿਲਦ ੨੪ | ਨਵੰਬਰ 2023 | ਕੱਤਕ-ਮੱਘਰ 555 ਨਾਨਕਸ਼ਾਹੀ | November 2023 | ਅੰਕ 11

## ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ ॥




ਬਾਬੇ ਨਾਨਕ ਜੀ ਦਾ 554 ਸਾਲਾ ਪ੍ਰਕਾਸ਼ ਉਤਸਵ ਸਾਰਾ ਸੰਸਾਰ ਦੇਸ਼ ਪ੍ਰਦੇਸ਼ ਵਿਚ ਬੜੇ ਪਿਆਰ, ਸਤਿਕਾਰ ਤੇ ਰੀਜਾਂ ਨਾਲ ਮਨਾ ਰਿਹਾ ਹੈ। ਅਖੰਡ ਕੀਰਤਨੀ ਜੱਥਾ, ਜਲੰਧਰ ਵੱਲੋਂ ਹਰ ਸਾਲ ਦੀ ਤਰ੍ਹਾਂ, ਇਸ ਸਾਲ ਵੀ ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 25.11.2023 ਤੋਂ 28.11.2023 ਤਕ, ਲਾਇਲਪੁਰ ਖਾਲਸਾ ਸੀਨੀਅਰ ਸਕੈਂਡਰੀ ਸਕੂਲ, ਨਕੋਦਰ ਰੋਡ, ਜਲੰਧਰ ਵਿਖੇ ਮਨਾਇਆ ਜਾ ਰਿਹਾ ਹੈ। ਸੰਗਤਾਂ ਪ੍ਰਤੀ ਬੇਨਤੀ ਹੈ ਕਿ ਦਰਸ਼ਨ ਦਿਦਾਰੇ ਬਖਸ਼ੋ ਜੀ। ਸਮਾਗਮ ਦਾ ਵੇਰਵਾ ਪੰਨਾ ਨੰ. 42 ਤੇ ਵੇਖ ਲਿਆ ਜਾਵੇ ਜੀ।

**ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥ ਬਹੁੜਿ ਨ ਜੋਨੀ ਪਾਈਐ ॥**
**ਮਿਲਿ ਰਹੀਐ ਪ੍ਰਭ ਸਾਧ ਜਨਾ ਮਿਲਿ ਹਰਿ ਕੀਰਤਨੁ ਸੁਨੀਐ ਰਾਮ ॥**












ਅਖੰਡ ਕੀਰਤਨੀ ਜੱਥਾ ਗੋਨਿਆਣਾ ਮੰਡੀ ਵੱਲੋਂ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 28.09.2023 ਤੋਂ 01.10.2023 ਤਕ ਗੁਰਦੁਆਰਾ ਸੰਤ ਭਾਈ ਸੁਹੇਲ ਸਿੰਘ ਜੀ, ਗੋਨਿਆਣਾ ਮੰਡੀ, ਬਠਿੰਡਾ ਵਿਖੇ ਮਨਾਇਆ ਗਿਆ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਦੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।

ੴ ਠਾਕੁਰ ਗਾਈਐ ਆਤਮ ਰੰਗਿ ੴ

AKHAND KIRTANI JATHA (REGD.)

# ਆਤਮ ਰੰਗ

AKHAND KIRTANI JATHA (REGD.)

ਅਖੰਡ ਕੀਰਤਨੀ ਜਥਾ (ਰਜਿ.) ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਜਿਲਦ ੨੪ | ਨਵੰਬਰ 2023 | ਕੱਤਕ-ਮੱਘਰ 555 ਨਾਨਕਸ਼ਾਹੀ | November 2023 | ਅੰਕ 11


**ਬਾਨੀ ਤੇ ਸਾਬਕਾ ਮੁੱਖ ਸੰਪਾਦਕ**



ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ
ਚੰਡੀਗੜ੍ਹ


**ਮੁੱਖ ਸੰਪਾਦਕ**
ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ

**ਦਫ਼ਤਰ**
245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)
ਫ਼ੋਨ ਅਤੇ ਵਟਸਐਪ : 98143-00245, 75289-00045
**E-mail :** atamrang3@gmail.com
**Website :** www.akjatamrangmagazine.org



**ਸਲਾਹਕਾਰ**

ਭਾਈ ਕੁਲਵੰਤ ਸਿੰਘ, ਕਾਕੀ ਪਿੰਡ
ਭਾਈ ਦਲਜੀਤ ਸਿੰਘ ਭੱਟੀ, ਲੁਧਿਆਣਾ
ਭਾਈ ਦਵਿੰਦਰ ਸਿੰਘ (ਡੀ.ਐਸ.ਪੀ.), ਚੰਡੀਗੜ੍ਹ
ਭਾਈ ਗੁਰਬੱਚਨ ਸਿੰਘ, ਦਿਆਲਪੁਰ
ਭਾਈ ਪ੍ਰਿਤਪਾਲ ਸਿੰਘ ਖਾਲਸਾ, ਅਨੰਦਪੁਰ ਸਾਹਿਬ
ਭਾਈ ਪਰਮਿੰਦਰ ਸਿੰਘ, ਮੋਗਾ/ਸ਼ਿਕਾਗੋ

**ਕਾਨੂੰਨੀ ਸਲਾਹਕਾਰ**
ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ
ਐਡਵੋਕੇਟ ਭਾਈ ਬਲਜੀਤ ਸਿੰਘ ਖਾਲਸਾ



**ਚੰਦਾ :**

| | | | |
|---|---|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ | ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ | ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।



"This Gurmat Magazine contains Gurbani, please treat with respect."

**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ, ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ।

## ਤਤਕਰਾ


- ਸੰਪਾਦਕੀ 5
- ਬਾਰਹ ਮਾਹ ਕਥਾ 6
  *– ਗੁਰਪੁਰਵਾਸੀ ਭਾਈ ਜੋਗਿੰਦਰ ਸਿੰਘ ਜੀ, ਤਲਵਾੜਾ*
- ਅਣਡਿੱਠੀ ਦੁਨੀਆ 7
  *– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਹਉਮੈ ਨਾਵੈ ਨਾਲਿ ਵਿਰੋਧੁ ਹੈ 9
  *– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਸਭ ਤੇ ਵਡਾ ਸਤਿਗੁਰੁ ਨਾਨਕੁ 12
  *– ਭਾਈ ਗੁਰਦੇਵ ਸਿੰਘ ਲਹਿਰ*
- ਗੁਰੂ ਨਾਨਕ ਸਾਹਿਬ ਦੇ ਪ੍ਰਚਾਰ ਢੰਗ 14
  *– ਡਾ. ਕੁਲਦੀਪ ਸਿੰਘ ਹਉਰਾ*
- ਗੁਰੂ ਨਾਨਕ ਦੇਵ ਜੀ ਦੀ ਮਹਿਮਾ 18
  *– ਭਾਈ ਸੰਤਾ ਸਿੰਘ ਜੀ*
- ਨਿਰੰਕਾਰੀ ਸਰੂਪਾ ਗੁਰੂ ਨਾਨਕ ਨਿਰੰਕਾਰੀ 19
  *– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਜਪੁ ਕਲ ਸੁਜਸੁ ਨਾਨਕ ਗੁਰ, ਸਹਜੁ ਜੋਗੁ ਜਿਨਿ ਮਾਣਿਓ 21
  *– ਡਾ. ਕੁਲਦੀਪ ਸਿੰਘ ਹਉਰਾ*
- ਸੁਧਾਰਕ ਗੁਰੂ ਨਾਨਕ 25
  *– ਭਾਈ ਸੁਰਜੀਤ ਸਿੰਘ ਸਾਜਨ*
- ਨਾਭ ਕੰਵਲ ਤੇ ਦਸ਼ਮ-ਦੁਆਰ 29
  *– ਸੂਬੇਦਾਰ ਧਰਮ ਸਿੰਘ ਸੁੱਜੋਂ*
- ਵਾਰ ਮਾਰੂ ਡਖਣੇ 33
  *– ਗੁਰਪੁਰਵਾਸੀ ਭਾਈ ਜੋਗਿੰਦਰ ਸਿੰਘ ਜੀ*
- ਗੁਰਮਤਿ ਅਨੁਸਾਰ ਮਾਤਾ ਪਿਤਾ ਦਾ ਬੱਚਿਆਂ ਪ੍ਰਤਿ ਫਰਜ 36
  *– ਭਾਈ ਦਵਿੰਦਰ ਸਿੰਘ ਜੀ, ਡੀ.ਐਸ.ਪੀ*

## *ਸੰਪਾਦਕੀ...*

ਸਤਿਗੁਰੂ ਨਾਨਕ ਦੇਵ ਜੀ ਦੇ ੫੫੩ ਵੇਂ ਪ੍ਰਕਾਸ਼ ਪੁਰਬ ਦੀ ਖੁਸ਼ੀ 'ਚ ਆਤਮ ਰੰਗ ਦੇ ਸਮੂਹ ਪਾਠਕਾਂ ਨੂੰ ਲੱਖ ਲੱਖ ਵਧਾਈਆਂ! ਸਤਿਗੁਰਾਂ ਦੇ ਚੋਜ ਸਦਾ ਅਗੰਮੀ ਹੁੰਦੇ ਹਨ, ਭਾਵੇਂ ਸੰਸਾਰੀ ਬਿਰਤੀ ਵਾਲੇ ਹਿੰਦੂ ਮੁਸਲਮਾਨ ਆਪ ਜੀ ਦੇ ਵਰਤਾਏ ਚੋਜਾਂ ਨੂੰ ਸਮੇਂ ਦੀ ਬੱਧੀ ਹੋਈ ਮਰਿਆਦਾ ਤੋਂ ਉਲਟ ਹੀ ਸਮਝਦੇ ਰਹੇ। ਜਨੇਊ ਪਾਉਣਾ ਹਰ ਇਕ ਹਿੰਦੂ ਲੜਕੇ ਲਈ ਲਾਜ਼ਮੀ ਮਰਿਆਦਾ ਮੰਨੀ ਜਾਂਦੀ ਹੈ। ਹਿੰਦੂ ਇਸਤਰੀ ਨੂੰ ਜਨੇਊ ਪਾਉਣ ਦੀ ਮਨਾਹੀ ਹੈ। ਜੋ ਵਿਅਕਤੀ ਇਸ ਧਾਰਮਿਕ ਮਰਿਆਦਾ ਦੇ ਵਿਰੁੱਧ ਆਕੀ ਹੋ ਖਲੋਵੇ, ਉਸ ਨੂੰ ਬਰਾਦਰੀ ਵਿੱਚੋਂ ਕੱਢ ਦਿੱਤਾ ਜਾਂਦਾ ਸੀ। ਇਸ ਯਗੋਪਵੀਤ (ਜਨੇਊ) ਨੂੰ ਕੌਡੀਆਂ ਦੇ ਮੁੱਲ ਖ਼ਰੀਦੇ ਜਾਣ ਵਾਲਾ ਦੱਸ ਕੇ ਇਸ ਦੀ ਮਹਾਨਤਾ ਨੂੰ ਛੁਟਿਆਉਣ ਦੀ ਜੁਰਅਤ ਕੇਵਲ ਗੁਰੂ ਨਾਨਕ ਦੇਵ ਜੀ ਹੀ ਕਰ ਸਕਦੇ ਸਨ :

*ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥ ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ॥ ਅੰਗ - ੪੭੧*

ਕਵੀ ਤੁਲਸੀ ਦਾਸ ਜਿਸਨੇ ਰਾਮਚਰਿਤ ਮਾਨਸ ਵਿਚ ਸ੍ਰੀ ਰਾਮ ਚੰਦਰ ਨੂੰ ਮਰਿਆਦਾ ਦਾ ਉਤਮ-ਪੁਰਸ਼ (ਮਰਿਆਦਾ ਪੁਰਸ਼ੋਤਮ) ਦਰਸਾਅ ਕੇ ਇਸ ਗੱਲ ਉੱਤੇ ਜ਼ੋਰ ਦਿੱਤਾ ਹੈ ਕਿ ਸ੍ਰੀ ਰਾਮ ਚੰਦਰ ਵਰਗੇ ਰਾਜੇ ਭੀ ਬ੍ਰਾਹਮਣਾਂ ਦੀ ਬੱਧੀ ਹੋਈ ਮਰਿਆਦਾ ਦਾ ਉਲੰਘਣ ਨਹੀਂ ਸਨ ਕਰਦੇ। ਪਰ ਗੁਰੂ ਨਾਨਕ ਦੇਵ ਜੀ ਨੇ ਮੁੱਢ ਤੋਂ ਹੀ ਇਸ ਵਿਚਾਰ ਦਾ ਡੱਟ ਕੇ ਵਿਰੋਧ ਕੀਤਾ, ਭਾਵੇਂ ਇਸ ਦੇ ਫਲਸਵਰੂਪ ਆਪ ਜੀ ਨੂੰ ਬ੍ਰਾਹਮਣਾਂ ਨੇ ਕੁਰਾਹੀਆ ਕਹਿ ਕੇ ਖੂਬ ਭੰਡਿਆ। ਪਰ ਚੋਜੀ ਪ੍ਰੀਤਮ ਨੇ ਅਗੰਮੀ ਗਿਆਨ ਦੇ ਚਾਨਣੇ ਵਿਚ ਬ੍ਰਾਹਮਣ ਦੀ ਹਰ ਪ੍ਰਕਾਰ ਦੀ ਮਰਿਆਦਾ ਤੋੜੀ ਅਤੇ ਆਪਣੇ ਸਿੱਖਾਂ ਨੂੰ ਹਜ਼ਾਰਾਂ ਬਰਸਾਂ ਤੋਂ ਤੁਰੀ ਆਉਂਦੀ (ਬਸੀਦਾ) ਲੀਰੋ ਲੀਰ ਹੋ ਚੁੱਕੀ ਮਰਿਆਦਾ ਤੋਂ ਆਜ਼ਾਦ ਕੀਤਾ। ਸਾਰੰਗ ਕੀ ਵਾਰ ਮ: ੪ ਵਿਚ ਹੇਠਾਂ ਦਿੱਤੇ ਸਲੋਕ ਵਿਚ ਆਪ ਜੀ ਦੀ ਸਮ-ਦ੍ਰਿਸ਼ਟੀ ਦੇ ਦੀਦਾਰ ਹੁੰਦੇ ਹਨ ਅਤੇ ਸੰਕੇਤ ਮਿਲਦਾ ਹੈ ਕਿ ਵੇਦ-ਸ਼ਾਸਤ੍ਰੀ ਮਰਿਆਦਾ ਦਾ ਆਧਾਰ ਅਗਿਆਨਤਾ (ਅਜਾਣੰਤਾ) ਰਿਹਾ ਹੈ।

*ਸਾਸਤ੍ਰ ਬੇਦ ਪੁਰਾਣ ਪੜ੍ਹੰਤਾ॥ ਪੂਕਾਰੰਤਾ ਅਜਾਣੰਤਾ॥*
*ਜਾਂ ਬੂਝੈ ਤਾਂ ਸੂਝੈ ਸੋਈ ॥ ਨਾਨਕੁ ਆਖੈ ਕੂਕ ਨ ਹੋਈ॥੧॥ ਅੰਗ - ੧੨੪੨*

ਹਿੰਦੂ ਸਮਾਜ ਨੂੰ ਚਾਰ ਜਾਤਾਂ ਵਿਚ ਵੰਡਣਾ ਬ੍ਰਾਹਮਣ ਦੀ ਅਗਿਆਨਤਾ ਦਾ ਸੂਚਕ ਹੈ। ਮਹਾਰਾਜ ਠੀਕ ਕਹਿੰਦੇ ਸਨ :

*ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥ਰਹਾਉ॥ ਅੰਗ - ੩੪੯*

੧੬੯੯ ਈ: ਵਿਚ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਤੀਸਰੇ ਪੰਥ ਨੂੰ ਖੜਾ ਕਰ ਦੇਣਾ ਸਤਿਗੁਰੂ ਨਾਨਕ ਦੇਵ ਜੀ ਦੀ ਦੋ ਸੌ ਸਾਲ ਤੋਂ ਵੱਧ ਸਮੇਂ ਅੰਦਰ ਕੀਤੀ ਅਤਿ ਕਰੜੀ ਘਾਲ ਕਮਾਈ ਦੀ ਸਭ ਤੋਂ ਵੱਡੀ ਦੇਣ ਆਖੀ ਜਾ ਸਕਦੀ ਹੈ। ਜੇ ਬ੍ਰਾਹਮਣੀ ਮਰਿਆਦਾ ਦੀ ਗੁਲਾਮੀ ਦਾ 'ਮਲੁ ਜੁਈ ਭਰਿਆ ਨੀਲਾ ਕਾਲਾ ਖਿਧੋਲੜਾ' ਆਪਣੇ ਗੁਰਸਿੱਖਾਂ ਦੇ ਗਲੋਂ ਉਤਾਰ ਕੇ ਪਰ੍ਹਾਂ ਵਗਾਹ ਕੇ ਨਾ ਮਾਰਦੇ ਤਾਂ ਖ਼ਾਲਸੇ ਦਾ ਸਰੂਪ ਹੋਰ ਹੀ ਹੋਣਾ ਸੀ। ਕਿਤਨੇ ਜ਼ੋਰਦਾਰ ਸ਼ਬਦਾਂ ਰਾਹੀਂ ਗੁਰਸਿੱਖਾਂ ਨੂੰ ਦੇਵੀ-ਦੇਵਤਿਆਂ ਦੀ ਪੂਜਾ ਤੋਂ ਹਟਾਇਆ :

*ਸੰਕਰਾ ਨਹੀ ਜਾਨਹਿ ਭੇਵ॥ ਖੋਜਤ ਹਾਰੇ ਦੇਵ॥*
*ਦੇਵੀਆ ਨਹੀ ਜਾਨੈ ਮਰਮ॥ ਸਭ ਊਪਰਿ ਅਲਖ ਪਾਰਬ੍ਰਹਮ॥੨॥੩੬॥ ਅੰਗ - ੮੯੪*

ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦਾ ਪ੍ਰਕਾਸ਼ ਦਿਵਸ ਸਾਰੇ ਸੰਸਾਰ ਵਿਚ ਅਤੇ ਵਿਸ਼ੇਸ਼ ਤੌਰ ਤੇ ਗੁਰੂ ਰਾਮਦਾਸਪੁਰ (ਅੰਮ੍ਰਿਤਸਰ ਸਾਹਿਬ) ਵਿਖੇ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਗੁਰੂ ਸਾਹਿਬ ਦੇ ਮਹਾਨ ਵਾਕ ਆਮ ਕਰਕੇ ਕੀਰਤਨੀਆਂ ਤੋਂ ਸੁਣੀਦੇ ਹਨ :

*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥*
*ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ॥੪॥ ਅੰਗ - ੧੬੭*

ਉਪ੍ਰੋਕਤ ਵਾਕ ਵਿਚ ਗੁਰਦੇਵ ਜੀ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੀ ਉਸ ਵਡਿਆਈ ਬਾਰੇ ਜ਼ਿਕਰ ਕਰ ਰਹੇ ਹਨ ਕਿ ਉਹਨਾਂ ਦੇ ਸੰਪਰਕ ਵਿਚ ਆਉਣ ਨਾਲ, ਪਹਿਲਾਂ ਤੋਂ ਪਾਏ ਗਏ ਬ੍ਰਾਹਮਣੀ ਸੋਗ ਸੰਤਾਪ ਖ਼ਤਮ ਹੋ ਗਏ, ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਕਿਰਪਾ ਕਰਕੇ, ਸਨਾਤਨੀ ਮਰਿਆਦਾ ਦਾ ਤਿਆਗ ਕਰਾ ਕੇ ਕੇਵਲ ਨਾਮ ਦੀ ਮਰਿਆਦਾ ਨਾਲ ਜੋੜਿਆ। ਜੇ ਉਹ ਸਾਡੇ ਸਾਰਿਆਂ ਤੇ ਕਿਰਪਾ ਨਾ ਕਰਦੇ ਤਾਂ ਅਸੀਂ ਭੀ ਜਨਮਾਂ-ਜਨਮਾਤਰਾਂ ਤੋਂ ਰੁਲਦੇ ਫਿਰਦੇ ਅਤੇ ਸਾਡੀ ਬਹੁੜੀ ਕਰਨ ਵਾਲਾ ਕੋਈ ਨਾ ਹੁੰਦਾ।

# ਬਾਰਹ ਮਾਹ ਕਥਾ

*[(ਸਵਰਗੀ) ਪ੍ਰਿੰਸੀਪਲ ਗੰਗਾ ਸਿੰਘ ਜੀ]*

***ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥ ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥ ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥ ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ॥ ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ॥ ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ॥ ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ॥ ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ॥ ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ॥੧੦॥***

***ਅੰਗ - 135***

ਅਰਥ

ਮੱਘਰ ਦੇ ਮਹੀਨੇ ਉਹੀ ਸ਼ੋਭਨੀਕ ਹਨ, ਜਿਨ੍ਹਾਂ ਨੂੰ ਪ੍ਰੀਤਮ ਦੇ ਪਾਸ ਬੈਠਣ ਲਈ ਥਾਂ ਮਿਲ ਗਈ ਹੈ। ਜਿਨ੍ਹਾਂ ਨੂੰ ਮਾਲਿਕ ਨੇ ਗਲ ਨਾਲ ਲਾ ਲਿਆ ਹੈ, ਮੈਂ ਉਨ੍ਹਾਂ ਦੀ ਸ਼ੋਭਾ ਕਿਸ ਤਰ੍ਹਾਂ ਬਿਆਨ ਕਰ ਸਕਦੀ ਹਾਂ। ਉਨ੍ਹਾਂ ਨੇ ਪ੍ਰੀਤਮ ਦਰ ਦੇ ਪਾਂਧੀ ਸੰਤਾਂ ਨਾਲ ਜੋੜ ਲਈ ਹੈ ਤੇ ਮਾਲਿਕ ਦੇ ਪਿਆਰ ਵਿਚ ਉਨ੍ਹਾਂ ਦਾ ਤਨ ਤੇ ਮਨ ਖਿੜ ਗਿਆ ਹੈ। (ਅਫ਼ਸੋਸ ਹੈ ਉਨ੍ਹਾਂ) ਇਕੱਲ ਅਤੇ ਸੁੰਞ ਵਿਚ ਬੈਠੀਆਂ ਹੋਈਆਂ ’ਤੇ (ਜਿਨ੍ਹਾਂ ਮਾਲਿਕ ਦੇ ਮੁਸਾਹਿਬ) ਸਾਧਾਂ ਨਾਲ ਮੇਲ ਨਹੀਂ ਕੀਤਾ ਤੇ ਦੂਰ ਦੂਰ ਫਿਰਦੀਆਂ ਹਨ। ਉਨ੍ਹਾਂ ਦੇ ਝੋਰੇ ਦਾ ਦੁੱਖ ਕਦ ਹਟ ਸਕਦਾ ਹੈ? ਉਹ ਤਾਂ ਬੇਦਰਦ ਮੌਤ ਦੇ ਪੰਜੇ ਵਿਚ ਫਸ ਗਈਆਂ ਹਨ। ਪਰ ਜੋ ਆਪਣੇ ਸੁਆਮੀ ਦੀ ਸੇਵਾ ਵਿਚ ਲੱਗ ਗਈਆਂ ਹਨ, ਉਹ ਚੜ੍ਹਦੀ ਕਲਾ ਵਿਚ ਨਜ਼ਰ ਆਉਂਦੀਆਂ ਹਨ। (ਉਨ੍ਹਾਂ ਨੂੰ ਝੋਰਾ ਕਾਹਦਾ?) (ਪ੍ਰੀਤਮ ਯਾਦ ਤੇ ਪਿਆਰ ਦੇ) ਰਤਨਾਂ, ਜਵਾਹਰਾਂ ਅਤੇ ਲਾਲਾਂ ਨਾਲ ਜੜਾਉ ਗਹਿਣੇ ਉਨ੍ਹਾਂ ਦੇ ਕੰਠ ਦੀ ਸੋਭਾ ਨੂੰ ਵਧਾ ਰਹੇ ਹਨ। ਹੇ ਦਾਤਾ! ਨਾਨਕ ਮੰਗਤੇ ਨੂੰ ਉਨ੍ਹਾਂ ਦੇ ਚਰਨਾਂ ਦੀ ਧੂੜ ਦਾ ਦਾਨ ਦੇਹ ਜਿਨ੍ਹਾਂ ਨੇ ਤੇਰੇ ਦਰ ਦੀ ਓਟ ਲਈ ਹੈ। (ਮੱਘਰ ਦਾ ਮਹੀਨਾ ਉਨ੍ਹਾਂ ਵਾਸਤੇ ਮੁਬਾਰਕ ਹੈ) ਉਹ ਆਪਣੇ ਸਿਰ ਦੇ ਸਾਂਈਂ ਦੇ ਪਿਆਰ ਵਿਚ ਮਸਤ (ਉਸੇ ਦੀ ਯਾਦ ਵਿਚ) ਸਮਾਂ ਗੁਜ਼ਾਰਦੀਆਂ ਹਨ। ਉਨ੍ਹਾਂ ਨੂੰ ਹੁਣ ਆਉਣ ਜਾਣ ਨਾਲ ਕੀ ਵਾਸਤਾ?

# ਜੀਵਨ ਘਟਨਾਵਲੀ - ਸ੍ਰੀ ਗੁਰੂ ਨਾਨਕ ਦੇਵ ਜੀ

**ਪ੍ਰਕਾਸ਼ ਦਿਵਸ** – ਵਿਸਾਖ ਸੁਦੀ 3 (20 ਵਿਸਾਖ) ਸੰਮਤ 1526 ਮੁਤਾਬਿਕ 15 ਅਪ੍ਰੈਲ ਸੰਨ 1469, ਸਨਿਚਰਵਾਰ

**ਪ੍ਰਕਾਸ਼ ਅਸਥਾਨ** – ਸ੍ਰੀ ਨਨਕਾਣਾ ਸਾਹਿਬ (ਜਿਸ ਦਾ ਪਹਿਲਾ ਨਾਂ ਰਾਇ ਭੋਇ ਦੀ ਤਲਵੰਡੀ ਸੀ), ਜ਼ਿਲ੍ਹਾ ਸ਼ੇਖੂਪੁਰਾ, ਪਾਕਿਸਤਾਨ।

**ਮਾਤਾ ਪਿਤਾ** – ਸ੍ਰੀ ਤ੍ਰਿਪਤਾ ਜੀ, ਮਹਿਤਾ ਕਲਿਆਨ ਦਾਸ ਜੀ (ਬਾਬਾ ਕਾਲੂ ਜੀ)

**ਵਿਆਹ** – ਪੱਖੋਕੇ ਰੰਧਾਵਾ (ਜ਼ਿਲ੍ਹਾ ਗੁਰਦਾਸਪੁਰ) ਦੇ ਵਸਨੀਕ ਸ੍ਰੀ ਮੂਲ ਚੰਦ ਜੀ ਦੀ ਸਪੁੱਤਰੀ ਸ੍ਰੀ ਸੁਲੱਖਣੀ ਜੀ ਨਾਲ ਸੰਮਤ 1544 ਵਿਚ ਹੋਇਆ।

**ਸੰਤਾਨ** – ਬਾਬਾ ਸ੍ਰੀ ਚੰਦ ਜੀ (ਸੰਮਤ 1551, ਸੰਨ 1494), ਬਾਬਾ ਲਖਮੀਦਾਸ ਜੀ (ਸੰਮਤ 1553, ਸੰਨ 1497)।

**ਉਦਾਸੀਆਂ** – ਪਹਿਲੀ ਪੂਰਬ ਦੀ, ਸੰਮਤ 1567

***(ਬਾਕੀ ਪੰਨਾ 37 ’ਤੇ)***



# ਅਣਡਿੱਠੀ ਦੁਨੀਆ



*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

ਮਤ ਕੋਈ ਖ਼ਿਆਲ ਕਰੇ, ਅੱਗਾ ਹੈ ਹੀ ਨਹੀਂ, ਕਿ ਅੱਗੇ ਚਲ ਕੇ ਲੇਖਾ ਨਹੀਂ ਹੋਣਾ। ਖੋਟੇ ਖਰੇ ਸਭ ਪਰਖੇ ਜਾਣਗੇ। ਤਿਤ ਸਚੇ ਦੇ ਦਰਬਾਰ ਵਿਖੇ ਖੋਟਿਆਂ ਖਰਿਆਂ ਦਾ ਸੱਚੋ ਸੱਚ ਨਿਸਤਾਰਾ ਨਿਬੇੜਾ ਹੋਵੇਗਾ। ਖੋਟੇ ਖੁਆਰ ਕਰ ਕੇ ਸੱਚੀ ਦਰਗਾਹੋਂ ਬਾਹਰਵਾਰ ਸਿੱਟੇ ਜਾਣਗੇ, ਨਰਕਾਂ ਵਿਚ ਉਲਟੇ ਲਟਕਾਏ ਜਾਣਗੇ। ਓਥੇ ਪਏ ਹਾਲ ਪੁਕਾਰਾਂ ਕਰਨਗੇ, ਦੁਹਾਈਆਂ ਪਾਉਣਗੇ। ਯਥਾ ਗੁਰਵਾਕ –

*ਖੋਟੇ ਖਰੇ ਸਭਿ ਪਰਖੀਅਨਿ ਤਿਤੁ ਸਚੇ ਕੈ ਦਰਬਾਰਾ ਰਾਮ॥*
*ਖੋਟੇ ਦਰਗਹ ਸੁਟੀਅਨਿ ਊਭੇ ਕਰਨਿ ਪੁਕਾਰਾ ਰਾਮ॥੩॥(੪॥੪)* ਅੰਗ – ੫੭੦

ਅੱਗੇ ਤੋਂ ਬੇਖ਼ਬਰ ਮਤ ਹੋਵੋ। ਇਉਂ ਮਤ ਸਮਝੋ ਕਿ ਅੱਗਾ ਉੱਗਾ ਕੋਈ ਨਹੀਂ। ਇਹ ਖ਼ਿਆਲ ਮਤ ਕਰੋ ਕਿ ਮਰ ਕੇ ਐਥੇ ਹੀ ਮੁੱਕ ਜਾਣਾ ਹੈ, ਅੱਗਾ ਕੀਹਨੇ ਦੇਖਿਆ ਹੈ? ਜਿਨ੍ਹਾਂ ਸਤਿ ਪੁਰਖਾਂ ਕਰਤਾਰ ਪਠਾਏ ਗੁਰੂ ਮਹਾਂ ਅਵਤਾਰਾਂ ਨੇ ਅੱਗੇ ਨੂੰ ਦੇਖਿਆ ਹੈ, ਉਹਨਾਂ ਤੋਂ ਵਧੇਰੀ ਗਵਾਹੀ ਅੱਗਾ ਦੇਖਣ ਦੀ ਹੋਰ ਕੀ ਹੋ ਸਕਦੀ ਹੈ? ਸਤਿਗੁਰੂ, ਦੇਖੋ ਕਿਆ ਸਾਫ਼ ਨਿਰਣਾ ਅੱਗੇ ਇਸ ਅਗਲੇਰੇ ਵਾਕ ਅੰਦਰ ਨਿਰਣਾਉਂਦੇ ਹਨ –

*ਸਾਹਿਬੁ ਸਿਮਰਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ॥*
*ਏਥੈ ਧੰਧਾ ਕੂੜਾ ਚਾਰਿ ਦਿਹਾ ਆਗੈ ਸਰਪਰ ਜਾਣਾ॥*
*ਆਗੈ ਸਰਪਰ ਜਾਣਾ ਜਿਉ ਮਿਹਮਾਣਾ ਕਾਹੇ ਗਾਰਬੁ ਕੀਜੈ॥*
*ਜਿਤੁ ਸੇਵਿਐ ਦਰਗਹ ਸੁਖੁ ਪਾਈਐ ਨਾਮੁ ਤਿਸੈ ਕਾ ਲੀਜੈ॥*
*ਆਗੈ ਹੁਕਮੁ ਨ ਚਲੈ ਮੂਲੇ ਸਿਰਿ ਸਿਰਿ ਕਿਆ ਵਿਹਾਣਾ॥*
*ਸਾਹਿਬੁ ਸਿਮਰਿਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ॥੨॥੪॥੧)* ਅੰਗ – ੫੭੯

ਭਾਵ-ਇਸ ਸੰਸਾਰ ਤੋਂ ਪਿਆਨੇ ਚਲਾਣੇ ਵਾਲਾ ਲੇਖਾ ਸਭਨਾਂ ਜੀਵਾਂ ਦੇ ਸਿਰ ਤੇ ਲਿਖਿਆ ਹੋਇਆ ਹੈ। ਸਭਨਾਂ ਹੀ ਅਵਸ਼ ਏਥੋਂ ਇਸ ਦੁਨੀਆ ਤੋਂ ਪਿਆਨੇ ਚਲਾਣੇ ਕਰਨੇ ਹਨ। ਇਸ ਗਲ ਨੂੰ ਸਚ ਦ੍ਰਿੜਾਇਕੈ ਗੁਰੂ ਸਾਹਿਬ ਬੜੇ ਪ੍ਰੇਮ ਪਿਆਰ ਨਾਲ ਸਮਝਾਉਂਦੇ ਹਨ, ਹੇ! ਮੇਰੇ ਭਾਈਓ! ਇਸ ਅਸਾਰ ਸੰਸਾਰ ਤੋਂ ਅਵਸ਼ ਚਲਾਣਾ ਪਇਆਣਾ ਹੋਣਾ ਹੈ, ਇਸ ਕਰਕੇ ਸਾਰੇ ਕੰਮ ਛਡ ਕੇ ਸਚੇ ਸਾਹਿਬ ਵਾਹਿਗੁਰੂ ਦਾ ਸਿਮਰਨ ਕਰ। ਜਿਸ ਜਗ ਮਿਠੇ ਦਾ ਤੁਸੀਂ ਗੁਮਾਨ ਕਰਦੇ ਹੋ ਅਤੇ ਕਹਿੰਦੇ ਹੋ 'ਇਹ ਜਗ ਮਿਠਾ ਅਗਲਾ ਕੀਹਨੇ ਡਿਠਾ', ਜਿਸ ਦ੍ਰਿਸ਼ਟਮਾਨ ਜਗ ਨੂੰ ਦੇਖ ਕੇ ਤੁਸੀਂ ਇਸ ਦੇ ਧੰਦਿਆਂ ਵਿਚ ਲਪਟਾਏ ਪਏ ਹੋ, ਸੋ ਇਹ ਜਗ ਭੀ ਅਤੇ ਇਸ ਜਗ ਦੇ ਧੰਦੇ ਭੀ ਕੂੜਾਵੇ ਹਨ ਤੇ ਚਾਰ-ਦਿਵਸੀ ਹੀ ਹਨ। ਓੜਕ ਨੂੰ ਅੱਗੇ ਹੀ ਸਾਰਿਆਂ ਨੇ ਜਾਣਾ ਹੈ, ਅਵਸ਼ ਜਾਣਾ ਹੈ। ਜਿਵੇਂ ਮਿਹਮਾਨ ਪਰਾਹੁਣੇ ਚਾਰ ਦਿਵਸੀ ਬਸੇਰਾ ਕਰ ਕੇ ਚਲੇ ਜਾਂਦੇ ਹਨ, ਏਸੇ ਤਰ੍ਹਾਂ ਪ੍ਰਾਹੁਣਿਆਂ ਮੇਹਮਾਨਾਂ ਵਤ ਇਸ ਦੁਨੀਆਂ ਵਿਚ ਚਾਰ-ਦਿਵਸੀ ਪ੍ਰਾਹੁਣਾਚਾਰੀ ਕਰਕੇ ਸਭ ਨੇ ਓੜਕ ਨੂੰ ਅਗੇ ਹੀ ਚਲ ਵਸਣਾ ਹੈ। ਤਾਂਤੇ ਇਸ ਦੁਨੀਆ ਵਿਚ ਥਿਰ ਰਹਿਣ ਦਾ ਗਰਬ ਗੁਮਾਨ ਕਿਸ ਵਾਸਤੇ ਕਰਨਾ ਹੈ, ਜਿਥੇ ਸਦਾ ਥਿਰ ਰਹਿਣਾ ਨਹੀਂ? ਇਹ ਗਰਬ ਗੁਮਾਨ ਹੀ ਦਿਲੋਂ ਦੂਰ ਕਰ ਦੇਣਾ ਚਾਹੀਦਾ ਹੈ ਕਿ ਜੋ ਕੁਝ ਹੈ ਸੋ ਏਥੇ ਹੀ ਹੈ, ਅਗੇ ਚਲ ਕੇ ਕੁਝ ਨਹੀਂ, ਨਾ ਅੱਗਾ ਹੈ ਨਾ ਅੱਗੇ, ਏਥੇ ਕੀਤੇ ਅਮਲਾਂ ਦੀ ਸਜ਼ਾ ਹੈ। ਏਥੇ ਕਮਾਤੇ ਪਾਪਾਂ ਦੀ ਸਜ਼ਾ ਦੇ ਦੁਖ ਅਗੇ ਜ਼ਰੂਰ ਭੁਗਤਣੇ ਬਣਨੇ ਹਨ। ਅਗਲੀ ਦਰਗਾਹ ਵਿਖੇ ਜੇ ਅਮਿਤ ਦੁਖਾਂ ਤੋਂ ਬਚਣਾ ਹੈ ਅਤੇ ਸਚਾ ਆਤਮ ਸੁਖ ਪਰਮਾਤਮਾ ਮਿਲਣ ਦਾ ਭੋਗਣਾ ਹੈ ਤਾਂ ਉਸ ਦੀ ਸੇਵਾ

ਸਿਮਰਨ ਕਰਕੇ ਦਰਗਾਹ ਅੰਦਰ ਸਚੜਾ ਸੁਖੁ ਪਾਈਦਾ ਹੈ। ਅਗੇ ਚਲ ਕੇ ਆਪ-ਹੁਦਰੀਆਂ ਹਿਕਮਤ-ਹੁਕਮ-ਸਿਆਣਪਾਂ ਨਹੀਂ ਚਲਣੀਆਂ। ਅਗੇ ਚਲ ਕੇ ਪਤਾ ਲਗੂ ਕਿ ਜੀਵਾਂ ਦੇ ਆਪੋ ਆਪਣੇ ਕਰਮਾਂ ਅਨੁਸਾਰ ਉਹਨਾਂ ਦੇ ਆਪਣੇ ਆਪਣੇ ਸਿਰ ਤੇ ਭੀ ਕੁਛ ਵਿਹਾਉਣੀ ਵਿਹਾਵੇਗੀ। ਸਿਰੇ ਦੀ ਗਲ ਬਸ ਏਹੀ ਹੈ ਕਿ ਅਵਸ਼ ਏਥੋਂ ਚਲਣਾ ਹੈ ਅਤੇ ਅਗੇ ਚੱਲ ਵਸਣਾ ਹੈ। ਤਾਂਤੇ ਸਮਰਥ ਸਾਹਿਬ ਵਾਹਿਗੁਰੂ ਦਾ ਸਿਮਰਨ ਕਰੋ; ਏਦੂੰ ਉਪਰ ਹੋਰ ਕਰਮ ਧਰਮ ਕੋਈ ਨਹੀਂ।

ਸਮਰਥ ਸਚੇ ਸਾਹਿਬ ਦੀ ਸੇਵਾ ਸਿਮਰਨ ਕਰਿ ਹੀ ਅਗੇ ਪੰਥ ਸੁਹੇਲਾ ਹੁੰਦਾ ਹੈ। ਅਰਥਾਤ ਮਰਨ ਤੋਂ ਪਿਛੋਂ, ਇਹ ਦੇਹੀ ਛਡਣ ਤੋਂ ਪਿਛੋਂ ਫੇਰ ਅਗਲੇ ਲੋਕ ਦੇ ਪੰਧ ਪੈਣਾ ਜ਼ਰੂਰੀ ਹੈ। ਮਰਨ ਪਿਛੋਂ ਅਗਾ ਮੁਕ ਨਹੀਂ ਜਾਂਦਾ। ਅੱਗੇ ਚਲ ਕੇ ਤਿਨ੍ਹਾਂ ਦਾ ਮੰਦਾ ਹਾਲ ਹੁੰਦਾ ਹੈ ਜਿਨ੍ਹਾਂ ਦਾ ਮੰਦੇ ਹਾਲੀਂ ਮਰਨ ਹੋਇਆ ਹੈ। ਜਿਨ੍ਹਾਂ ਨੂੰ ਮਰਨ ਲਗਿਆਂ ਸਾਹਿਬ ਨਹੀਂ ਵਿਸਰਿਆ, ਸਿਮਰਨ ਹੁੰਦਾ ਹੀ ਰਿਹਾ ਹੈ, ਐਸੀ ਮਰਨੀ ਜੋ ਮਰੈ ਹੈਂ, ਤਿਨ੍ਹਾਂ ਦਾ ਮਰਨ ਹੁੰਦਾ ਨਹੀਂ ਆਖੀਦਾ। ਕਿਉਂਕਿ ਸਿਮਰਨ ਸਰਜੀਤਣੀ ਮਰਨੀ ਮਰਨ ਕਰਿ, ਮਰਨ ਤੋਂ ਅਗਲਾ ਪੈਂਡਾ ਸੁਹੇਲਾ ਹੋ ਜਾਂਦਾ ਹੈ। ਪੰਥ ਸੁਹੇਲੇ ਜਾਣ ਕਰਿ ਉਹਨਾਂ ਨੂੰ ਇਹ ਫਲ ਮਿਲਦਾ ਹੈ ਕਿ ਅੱਗੇ ਚਲ ਕੇ ਤਿਸ ਨੂੰ ਵਡਾਈ ਮਿਲਦੀ ਹੈ। ਨਾਮ ਦੀ ਭੇਟ ਸੁਗਾਤ ਨਾਲ ਲੈ ਜਾਣ ਕਰਿ ਵਾਹਿਗੁਰੂ ਸਚੇ ਦੇ ਸਚ ਸਰੂਪ ਵਿਖੇ ਸਮਾਈਦਾ ਹੈ, ਤਾਂ ਪਤਿ ਲੇਖੇ ਪੈਂਦੀ ਹੈ। ਸਚੇ ਖਸਮ ਅਤੇ ਸਚੜੇ ਮਹਲੀ ਜਾਇ ਪ੍ਰਾਪਤਿ ਹੋਈਦਾ ਹੈ। ਇਸ ਬਿਧਿ ਖਸਮ ਦੇ ਦਰਿ ਪਰਵਾਨ ਪਏ ਗੁਰਮੁਖ ਜਨ ਸਦ ਸਦੀਵ ਲਈ ਰੰਗ ਸਿਉ ਰਲੀਆਂ ਮਾਣਦੇ ਹਨ। ਇਸ ਲੋਕ ਵਿਖੇ ਐਸੀ ਸੱਚੀ ਮਰਨੀ ਮਰਨਹਾਰਿਆਂ ਦੇ ਮਰਨ ਨੂੰ ਮੰਦਾ ਹਰਗਿਜ਼ ਨਹੀਂ ਕਹਿ ਸਕੀਦਾ, ਪਰ ਜਿਹਨਾਂ ਨੂੰ ਅਜਿਹੀ ਮਰਨੀ ਮਰਨ ਦਾ ਚੱਜ ਸੁਚੱਜ ਆ ਗਿਆ ਹੋਵੇ ਤਾਂ। ਯਥਾ ਗੁਰਵਾਕ –

*ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ॥*
*ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ॥*
*ਪੰਥਿ ਸੁਹੇਲੈ ਜਾਵਹੁ ਤਾ ਫਲੁ ਪਾਵਹੁ ਆਗੈ ਮਿਲੈ ਵਡਾਈ॥*
*ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ॥*
*ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ॥*
*ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ ॥੨॥(੪॥੨) ਅੰਗ – ੫੭੯*

ਇਸ ਗੁਰਵਾਕ ਦੁਆਰਾ ਮਰਨ ਪਿਛੋਂ ਅੱਗਾ, ਅਗਲਾ ਪੰਥ, ਅਗਲੇ ਲੋਕ ਦਾ ਬਿਰਤਾਂਤ ਸਪਸ਼ਟ ਸਿਧ ਹੈ। ਅੱਗਾ ਹੈ। ਪਰ ਅੱਗਾ ਸੁਹੇਲਾ ਉਨ੍ਹਾਂ ਦਾ ਹੀ ਹੈ, ਜਿਨ੍ਹਾਂ ਨੇ ਇਸ ਜਨਮ ਵਿਖੇ ਆਪਣਾ ਜੀਵਨ ਐਸਾ ਸੰਵਾਰਿਆ ਹੈ ਕਿ ਮਰਨ ਸਮੇਂ ਭੀ ਉਹਨਾਂ ਨੂੰ ਨਾਮ ਚਿਤਿ ਆਇਆ ਹੈ। ਨਾਮ ਵਿਹੂਨੜਿਆਂ, ਨਾਮ ਕਮਾਈ ਸੁਨੜਿਆਂ ਦਾ ਮਰਨ ਭੀ ਮੰਦਾ, ਮਰਨ ਪਿਛੋਂ ਤਿਨ੍ਹਾਂ ਦਾ ਅਗਲੇਰਾ ਹਾਲ ਭੀ ਮੰਦਾ ਯਕੀਨ ਵਸੂਕ ਵਾਲੀ ਇਹ ਗੱਲ ਹੈ। ਸਚੇ ਸੂਰਮੇ ਕਰਨੀ ਦੇ ਸੂਰੇ, ਕਮਾਈ ਦੇ ਪੂਰੇ ਤੇ ਸੂਚੇ ਭਾਂਡੇ ਉਹ ਹਨ ਜਿਹਨਾਂ ਨੇ ਜੀਉਂਦੇ-ਜੀ ਸਾਹਿਬ ਸੇਵਿਆ ਤੇ ਸਿਮਰਿਆ ਹੈ ਅਤੇ ਮਰਨ ਸਮੇਂ ਭੀ ਸੇਵਾ ਸਿਮਰਨ ਨਹੀਂ ਵਿਸਾਰਿਆ। ਐਸੇ ਮੁਣਸਾਂ ਸੂਰਮਿਆਂ ਦਾ ਮਰਣਾ ਹੱਕ-ਹਕੀਕੀ ਸੱਚਾ ਹੈ, ਜੋ ਪਰਵਾਣ ਹੋ ਕੇ ਮਰਦੇ ਹਨ। ਅਗੇ ਚਲ ਕੇ ਭੀ ਸੇਈ ਜਨ ਸੂਰਮੇ ਸਦਾਉਂਦੇ ਹਨ ਜਿਨ੍ਹਾਂ ਨੂੰ ਸਚੀ ਦਰਗਾਹੇ ਜਾ ਕੇ ਸਚੜਾ ਮਾਨ ਮਿਲਦਾ ਹੈ। ਇਕੋ ਇਕ ਵਾਹਿਗੁਰੂ ਧਿਆਵਣਹਾਰਿਆਂ ਨੂੰ ਅਗੇ ਚਲ ਕੇ ਦੁੱਖ ਨਹੀਂ ਲਗਦਾ। ਜਮ-ਮਾਰਗੀ ਜਾਣ ਵਾਲਿਆਂ ਨੂੰ ਹੀ ਦੁਖ ਲਗਦਾ ਹੈ। ਸਿਮਰਨ ਸੇਵਾ ਵਾਲਿਆਂ ਦਾ ਇਹ ਭਾਉ ਭਾਗ ਬਣੇਗਾ ਕਿ ਉਹ ਸਗੋਂ ਪਤਿ ਸੇਤੀ ਦਰਗਾਹੇ ਜਾ ਕੇ ਸੱਚੜਾ ਮਾਨ ਪਾਉਂਦੇ ਹਨ। ਯਥਾ ਗੁਰਵਾਕ–

*ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥*
*ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥*
*ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨ ਲਾਗੈ॥*
*ਕਰਿ ਏਕੁ ਧਿਆਵਹਿ ਤਾ ਫਲੁ ਪਾਵਹਿ ਜਿਤੁ ਸੇਵਿਐ ਭਉ ਭਾਗੈ॥੩॥(੪॥੨)  ਅੰਗ – ੫੭੯-੮●*

ਇਸ ਗੁਰਵਾਕ ਅੰਦਰ ਭੀ ਅੱਗਾ ਤੇ ਅਗਲੀ ਦਰਗਾਹ, ਜ਼ੋਰਦਾਰ ਸੱਤਤਾ ਸਹਿਤ ਪਰਵਾਣੇ ਗਏ ਹਨ। ਪਰੰਤੂ ਇਹ ਸਤਿਗੁਰੂ ਦੀ ਸੇਵਾ ਚਾਕਰੀ ਹੀ ਹੈ ਜੋ ਜਗਿਆਸੂਆਂ ਨੂੰ ਅਗਲੀ ਦਰਗਾਹ ਅੰਦਰਿ ਸੁਰਖ਼ਰੂ ਅਤੇ ਸੁਹੇਲੇ ਕਰਦੀ ਹੈ। ਸਤਿਗੁਰੂ ਦ੍ਰਿੜਾਈ ਸੇਵਾ ਸਿਮਰਨ ਕਮਾਈ ਕਰਨਹਾਰਿਆਂ ਨੂੰ ਐਥੇ (ਇਸ ਲੋਕ ਵਿਖੇ) ਵਡਿਆਈਆਂ ਮਿਲਦੀਆਂ ਹਨ ਅਤੇ ਅਗਲੀ ਦਰਗਾਹ ਵਿਖੇ ਮੁੱਖ ਦੁਆਰ ਪਦਵੀ ਮਿਲਦੀ ਹੈ। ਯਥਾ ਗੁਰਵਾਕ –

*ਸਤਿਗੁਰ ਕੀ ਸੇਵਾ ਚਾਕਰੀ ਸੁਖੀ ਹੂੰ ਸੁਖ ਸਾਰੁ ॥*

**'ਚਲਦਾ'**

# ਹਉਮੈ ਨਾਵੈ ਨਾਲਿ ਵਿਰੋਧੁ ਹੈ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

'ਹਉਮੈ' ਹੰਗਤਾ ਅਤੇ 'ਨਾਮ' ਦਾ ਪਰਸਪਰ ਵਿਰੋਧ ਹੈ, ਜਿਥੇ 'ਹਉਮੈ' ਦਾ ਨਿਵਾਸ ਹੈ ਉਥੇ ਨਾਮ ਦਾ ਨਿਵਾਸ ਨਹੀਂ। ਜਿੱਥੇ ਨਾਮ ਦਾ ਨਿਵਾਸ ਹੈ ਉੱਥੇ 'ਹਉਮੈ' ਦਾ ਬਿਨਾਸ ਹੈ। ਜਿਸ ਹਿਰਦੇ ਵਿਖੇ, ਜਿਸ ਅਸਥਾਨ ਵਿਖੇ, ਜਿਸ ਭੂਮਿਕਾ ਵਿਖੇ, ਜਿਸ ਮੰਡਲ ਵਿਖੇ 'ਹਉਮੈ' ਦਾ ਬਸੇਰਾ ਹੈ, ਤਿਸ ਹਿਰਦੇ, ਤਿਸ ਅਸਥਾਨ, ਤਿਸ ਭੂਮਿਕਾ, ਤਿਸ ਮੰਡਲ ਵਿਖੇ ਨਾਮ ਦਾ ਨਮੂਦ ਨਹੀਂ ਅਤੇ ਜਿਸ ਹਿਰਦੇ, ਜਿਸ ਅਸਥਾਨ, ਜਿਸ ਭੂਮਿਕਾ, ਜਿਸ ਮੰਡਲ ਵਿਖੇ ਨਾਮ ਦਾ ਵਾਸਾ ਹੈ, ਤਿਥੇ 'ਹਉਮੈ' ਦਾ ਨਾਉਂ ਥੇਹ ਨਹੀਂ ਰਹਿੰਦਾ। ਜਿਥੇ ਹਉਮੈ ਹੈ, ਉਥੇ ਨਾਮ ਦਾ ਅਭਾਵ ਹੈ। ਦੋਵੇਂ ਇਕ ਸਮੇਂ ਅੰਦਰ ਇਕੋ ਅਸਥਾਨ ਵਿਖੇ ਨਹੀਂ ਰਹਿ ਸਕਦੇ। ਜਿਥੇ ਹਉਮੈ ਦਾ ਪਸਾਰਾ ਹੈ ਉਥੇ ਨਾਮ ਦਾ ਵਰਤਾਰਾ ਨਹੀਂ ਹੈ। ਜਿਥੇ ਨਾਮ ਦਾ ਵਰਤਾਰਾ ਹੈ ਉਥੇ ਹਉਮੈ ਦਾ ਪਸਾਰਾ ਨਹੀਂ। ਇਹ ਭਾਵ-ਅਰਥ ਤਾਂ ਸਾਫ਼ ਸਪੱਸ਼ਟ ਹਨ, ਪਰੰਤੂ 'ਹਉਮੈ' ਅਤੇ 'ਨਾਮ' ਪਦਾਂ ਦੀ ਵਿਆਖਿਆ ਦੀ ਨਿਰਣੇ ਪੂਰਤ ਲੋੜ ਹੈ। ਇਸ ਨਿਰਣੇ ਬਿਹੂਣ ਅਸਾਂ ਨੂੰ ਲਾਭ, ਅਸਲੀ ਸਾਰ ਨਹੀਂ ਪਹੁੰਚਣਾ।

## ਹਉਮੈ ਕੀ ਹੈ?

ਲਓ ਪਹਿਲਾਂ 'ਹਉਮੈ' ਦੀ ਵਿਆਖਿਆ ਕਰੀਏ। ਹਉਮੈ' ਦਾ ਆਮ ਅਰਥ ਹੰਗਤਾ ਹੈ, ਜਿਸ ਨੂੰ ਦੂਜੇ ਪਦਾਂ ਵਿੱਚ ਮੈਂ-ਮੇਰੀ ਆਖਦੇ ਹਨ। ਉਸ ਮੈਂ-ਮੇਰੀ ਦੀ ਘੁੰਮਣ-ਘੇਰੀ ਵਿੱਚ ਜਦ ਤਾਈਂ ਇਹ ਪ੍ਰਾਣੀ ਭੰਬਲ-ਭੂਸੇ ਖਾਂਦਾ ਹੈ ਤਦ ਤਾਈਂ ਜਾਣੋ ਭਰਮ ਹੀ ਭਰਮ ਵਿੱਚ ਭਟਕਦਾ ਫਿਰਦਾ ਹੈ। ਕਾਜ ਉਸ ਦਾ ਕੁੱਝ ਨਹੀਂ ਸੌਰਦਾ। ਯਥਾ ਗੁਰਵਾਕ -

*ਜਬ ਲਗੁ ਮੇਰੀ ਮੇਰੀ ਕਰੈ॥*
*ਤਬ ਲਗੁ ਕਾਜੁ ਏਕੁ ਨਹੀ ਸਰੈ॥ ਅੰਗ - ੧੧੬०*

ਇਸ 'ਮੈਂ-ਮੇਰੀ' ਦੇ ਬੰਧਨ ਵਿੱਚ ਬੰਧਿਆ ਹੋਇਆ ਅਤੇ ਇਸ ਮੈਂ-ਮੇਰੀ ਦੀ ਹਨ੍ਹੇਰੀ ਵਿੱਚ ਅੰਨ੍ਹਾ ਹੋਇਆ ਹੋਇਆ ਪ੍ਰਾਣੀ ਅੱਕੀਂ ਪਲਾਹੀਂ ਹੱਥ ਪਾਉਂਦਾ ਹੈ। ਮੈਂ-ਮੇਰੀ ਧਾਰ ਕੇ ਹੀ ਸੰਸਾਰ ਦੀ ਸਰਬ ਸਮੱਗਰੀ ਨੂੰ ਸਮੇਟ ਕੇ ਆਪਣੀ ਬਣੀ ਲੋੜ ਦੀ ਲਾਲਸਾ ਵਿੱਚ ਚੱਤੋ ਪਹਿਰ ਲੱਗਿਆ ਰਹਿੰਦਾ ਹੈ ਅਤੇ ਲੋਭ-ਲਹਿਰ ਦਾ ਗ੍ਰਸਿਆ ਹੋਇਆ ਦਸੋ ਦਿਸ ਧਾਵੰਦਾ ਫਿਰਦਾ ਹੈ। ਇਸ ਮੈਂ-ਮੇਰੀ ਵਿੱਚ ਫਾਥਿਆ ਹੋਇਆ ਹੀ ਮੋਹ-ਮਮਤਾ ਦਾ ਪੈਖੜ ਪੈਰੀਂ ਪਾ ਬਹਿੰਦਾ ਹੈ, ਅਤੇ ਕੂੜਾਵੀ ਆਸਾ ਤ੍ਰਿਸ਼ਨਾ ਦੀ ਜੇਵੜੀ ਨਾਲ ਆਪਣਾ ਆਪ ਜਕੜ ਲੈਂਦਾ ਹੈ। ਪਰ-ਧਨ, ਪਰ-ਤਨ, ਹਿਰਨ ਦੀ ਬਿਆਧ ਜੋ ਉਪਜਦੀ ਹੈ ਤਾਂ ਇਸੇ ਮੈਂ-ਮੇਰੀ ਤੋਂ। ਗੱਲ ਕੀ, ਕਾਮ ਕਰੋਧ ਆਦਿਕ ਅਨੇਕ ਪ੍ਰਕਾਰ ਦੇ ਅਉਗਣਾਂ ਵਿੱਚ ਗ੍ਰਸਤ ਕਰ ਕੇ ਇਹੋ ਮੈਂ-ਮੇਰੀ ਪ੍ਰਾਣੀ ਨੂੰ ਅਨੇਕ ਦਰ ਖੱਜਲ ਖੁਆਰ ਕਰਾਉਂਦੀ ਫਿਰਦੀ ਹੈ। ਇਸ 'ਮੈਂ-ਮੇਰੀ-ਹਉਮੈ' ਰੋਗ ਦਾ ਗ੍ਰਸਿਆ ਹੋਇਆ ਪ੍ਰਾਣੀ ਆਪਣੀ ਆਯੂ ਨੂੰ ਐਵੇਂ ਅਕਾਰਥ ਅਤੇ ਅਜਾਈਂ ਹੀ ਬਤੀਤ ਕਰ ਦਿੰਦਾ ਹੈ ਅਤੇ ਜੂਏ ਜਨਮ ਹਾਰ ਕੇ ਦੋਵੇਂ ਹੱਥ ਝਾੜ ਇਸ ਸੰਸਾਰ ਤੋਂ ਜੁਆਰੀਆਂ ਵਤ, ਰੰਕ ਦਾ ਰੰਕ ਹੀ ਉਠ ਜਾਂਦਾ ਹੈ, ਹੱਥ ਪੱਲੇ ਕੱਖ ਨਹੀਂ ਰਹਿੰਦਾ।

ਇਸ 'ਹਉਮੈ' ਰੋਗ ਦਾ ਨਾਉਂ ਆਪਾ-ਪ੍ਰਸਤੀ ਹੈ ਅਤੇ ਉਪਰਲੇ ਸਿਰਲੇਖ ਪਰਮਾਣ ਅੰਦਰ ਜੋ ਹਉਮੈ ਦਾ ਨਾਵੈ ਨਾਲ ਵਿਰੋਧ ਦਸਿਆ ਹੈ ਸੋ ਉਸ 'ਹਉਮੈ' ਤੋਂ ਮੁਰਾਦ ਆਪਾ-ਪ੍ਰਸਤੀ ਹੀ ਹੈ। ਜਿਥੇ ਆਪਾ-ਪ੍ਰਸਤੀ ਹੈ ਉਥੇ ਨਾਮ ਕਿੱਥੇ? ਆਪਾ ਵਾਰ ਕੇ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ। ਆਪੇ ਨੂੰ ਹਉਮੈ ਨੂੰ ਛਡੇ ਬਿਨਾਂ ਨਾਮ ਵਲ ਲੱਗਣਾ ਹੀ ਅਤੀ ਅਸੰਭਵ ਹੈ।

## ਹਉਮੈ ਦਾ ਦਾਰੂ

ਇਸ ਆਪੇ ਨੂੰ ਹੋਮਣ ਹਿਤ ਕਿਹੜੀ ਕਾਰ ਕਰਨੀ ਲੋੜੀਂਦੀ ਹੈ, ਜਿਸ ਤੋਂ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ? ਸੋ ਕਾਰ ਇਹ ਹੈ, ਜੈਸਾ ਕਿ ਸਤਿਗੁਰੂ ਜੀ ਫ਼ਰਮਾਉਂਦੇ ਹਨ, ਯਥਾ ਗੁਰਵਾਕ -

*ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ॥*
*ਗੁਰੂ ਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ॥*
*ਸਾਹਿਬੁ ਸਦਾ ਹਜੂਰਿ ਹੈ ਭਰਮੈ ਕੇ ਛਉੜ*
*ਕਟਿ ਕੈ ਅੰਤਰਿ ਜੋਤਿ ਧਰੇਹੁ॥*
*ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਏਹੁ ਲਾਏਹੁ॥*
*ਸਤਿਗੁਰ ਕਾ ਭਾਣਾ ਚਿਤਿ ਰਖਹੁ ਸੰਜਮੁ ਸਚਾ ਨੇਹੁ॥*
*ਨਾਨਕ ਐਥੈ ਸੁਖੈ ਅੰਦਰਿ ਰਖਸੀ*
*ਅਗੈ ਹਰਿ ਸਿਉ ਕੇਲ ਕਰੇਹੁ॥੨॥ ਅੰਗ - ੫੫੪*

ਸੋ ਸਤਿਗੁਰੂ ਦਾ ਇਹ ਫੁਰਮਾਨ ਹੈ ਆਪਾ ਹੋਮਣ ਹਿਤ, ਸਚੀ ਕਾਰ ਕਰਨ ਪ੍ਰਥਾਇ। ਇਸ ਆਪਾ ਹੋਮਣ ਦਾ ਕੇਵਲ ਇਹੋ ਉਪਾਉ ਹੈ ਕਿ ਗੁਰੂ ਧਾਰਨ ਕਰੇ, ਅਰਥਾਤ, ਗੁਰੂ ਦਾ ਸਿੱਖ ਬਣੇ। 'ਸਿਖੀ ਸਿਖਿਆ ਗੁਰ ਵੀਚਾਰਿ' (ਅੰਗ - ੪੬੫) ਦੇ ਗੁਰਵਾਕ ਦੇ ਭਾਵ ਅਨੁਸਾਰ ਗੁਰੂ ਦੀ ਸਿੱਖਿਆ ਧਾਰਨਹਾਰਾ ਹੀ ਗੁਰੂ ਦਾ ਸਿੱਖ ਸਦਵਾ ਸਕਦਾ ਹੈ। ਜਦ ਤੀਕਰ ਇਹ ਗੁਰ-ਸਿੱਖਿਆ ਪ੍ਰਾਪਤ ਨਹੀਂ ਹੁੰਦੀ ਤਦ ਤੀਕਰ ਪ੍ਰਾਣੀ ਆਪਣੇ ਮਨ ਦੀ ਸਿੱਖਿਆ ਮੁਜਬ ਹੀ ਚੱਲਦਾ ਹੈ। ਇਸ ਦਾ ਨਾਉਂ ਹੀ ਮਨਮਤਿ ਹੈ। ਇਸ ਮਨ ਦੀ ਮਤਿ ਦਾ ਨਾਉਂ ਹੀ ਆਪਾ-ਪ੍ਰਸਤੀ ਅਰਥਾਤ ਹਉਮੈ ਹੈ। ਸੋ ਇਸ ਹਉਮੈ ਨੂੰ ਹੋਮਣ ਦਾ ਇਸ ਤੋਂ ਵੱਧ ਕੇ ਹੋਰ ਕੋਈ ਹੀਲਾ ਨਹੀਂ ਕਿ ਪ੍ਰਾਣੀ ਮਨ ਦੀ ਮਤਿ ਅਨੁਸਾਰ ਚਲਣੋਂ ਹੱਟ ਜਾਏ। ਪਰੰਤੂ ਆਪੋਂ ਹਟਣਾ ਔਖਾ ਅਤੇ ਅਸੰਭਵ ਹੈ, ਕਿਉਂਕਿ ਮਨ ਨੇ ਤਾਂ ਮੋੜ ਘੋੜ ਕੇ ਆਪਣੀ ਮਤਿ ਮਗਰ ਹੀ ਲਾਉਣਾ ਹੋਇਆ।

ਇਸ ਹਉਮੈ ਰੂਪੀ ਮਨ ਦੀ ਮਤਿ ਤੋਂ ਛੁਟਕਾਵਣ ਲਈ ਕੇਵਲ ਉਹ ਮਤਿ ਹੀ ਸਮਰਥ ਹੈ ਜਿਸ ਮਤਿ ਅੰਦਰ ਹਉਮੈ ਰੂਪੀ ਮਨ ਦੀ ਮਤਿ ਵਲ ਲਿਜਾਵਣ ਵਾਲੀ ਮਤਿ ਦੀ ਰਾਈ ਰਿਜ਼ਮ ਭੀ ਨਾ ਹੋਵੇ। ਉਹ ਮਤਿ ਕੇਵਲ ਗੁਰਮਤਿ ਹੈ, ਜੋ ਗੁਰੂ ਦੁਆਰੇ ਹੀ ਲੱਭਦੀ ਹੈ। 'ਸਾਹਿਬ ਸਮਾਲੇ' ਸਾਹਿਬ ਸੰਮਾਲਣ ਦੀ। ਸਾਹਿਬ ਭੀ ਉਹ ਕਿਹੜਾ ਅਤੇ ਕਿਹੋ ਜਿਹਾ ਹੈ? ਉਹ ਕੋਈ ਇੱਕ ਦੇਸ਼ ਵਾਸੀ ਅਲਪੱਗ ਹਸਤੀ ਵਾਲਾ ਸਾਹਿਬ ਨਹੀਂ, ਜਿਸ ਦਾ ਸਮ੍ਹਾਲਣਾ ਗੁਰਮਤਿ ਦ੍ਰਿੜ੍ਹ ਕਰਵਾਉਂਦੀ ਹੈ, ਪ੍ਰੰਤੂ 'ਗੁਰੂ ਦੁਆਰੇ ਹੋਇਕੈ' ਐਸੇ ਸਾਹਿਬ ਦੇ ਸਮ੍ਹਾਲਣ ਦੀ ਸ੍ਰੇਸ਼ਟ ਮਤਿ ਆਉਂਦੀ ਹੈ, ਜਿਹੜਾ 'ਸਾਹਿਬੁ ਸਦਾ ਹਜੂਰਿ ਹੈ', ਸਦੀਵ ਕਾਲ ਜੋ ਹਾਜ਼ਰ ਨਾਜ਼ਰ ਹੈ, ਜੋ ਕਿ 'ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ' (ਅੰਗ - ੭੮੪) ਹੈ। ਦੇਖਿਆ ਕਿਹੀ ਸ੍ਰੇਸ਼ਟ ਅਸਚਰਜ ਅਤੇ ਅਨੋਖੀ ਮਤਿ 'ਗੁਰੂ ਦੁਆਰੇ ਹੋਇ ਕੈ' ਆਉਂਦੀ ਹੈ। ਭਲਾ ਕਿਹੜੀ ਮਤਿ? ਸਾਹਿਬ ਸੰਮ੍ਹਾਲਣ ਦੀ! ਸਾਹਿਬ ਭੀ ਉਹ ਜੋ 'ਸਦਾ ਹਜ਼ੂਰਿ' ਹੈ, ਅਤੇ ਸੰਮ੍ਹਾਲਣ ਭੀ ਕੈਸਾ? ਐਸਾ ਨਹੀਂ ਜੈਸਾ ਕਿ ਅਲਪਗ ਸਾਹਿਬਾਂ ਦਾ ਸਮ੍ਹਾਲਣ ਹੁੰਦਾ ਹੈ। ਅਲਪਗ ਸਾਹਿਬ ਤਾਂ ਜੋ ਸੰਮ੍ਹਾਲੇ ਵੀ ਜਾ ਸਕਦੇ ਹਨ ਤਾਂ ਖਿਨ ਭੰਗਰ ਮਾਤਰ ਹੀ। ਜਿੰਨਾਂ ਚਿਰ ਆਪ ਉਨ੍ਹਾਂ ਦੇ ਸੋਹੇਂ ਹੈ, ਉਤਨਾ ਚਿਰ ਹੀ ਉਹ ਆਪ ਦੀ ਸੰਮ੍ਹਾਲ ਗੋਚਰੇ ਹਨ। ਉਤਨੇ ਚਿਰ ਦੀ ਸੰਮ੍ਹਾਲ ਭੀ ਐਵੇਂ ਨਾਮ-ਮਾਤਰ ਹੀ ਸੰਮ੍ਹਾਲ ਹੈ। ਵਾਸਤਵ ਵਿੱਚ ਇਹ ਸੰਮ੍ਹਾਲ ਕੋਈ ਨਹੀਂ। ਕਿਸੇ ਵਸਤੂ ਦਾ ਸੰਮ੍ਹਲਣਾ ਉਸ ਨੂੰ ਸਾਂਭ ਕੇ ਰੱਖਣਾ ਹੁੰਦਾ ਹੈ। ਸੰਸਾਰਕ (ਅਲਪਗ) ਸਾਹਿਬਾਂ ਨੂੰ ਭਲਾ ਆਪ ਕਿੱਥੇ ਸੰਮ੍ਹਾਲ ਕੇ ਰੱਖੋਗੇ? ਉਨ੍ਹਾਂ ਦੇ ਤਾਂ ਆਪ ਨੇੜੇ ਭੀ ਨਹੀਂ ਢੁੱਕ ਸਕਦੇ। ਦੂਰੋਂ ਹੀ ਬਿਟਰ ਬਿਟਰ ਦੇਖ ਸਕਦੇ ਹੋ, ਜਿਸ ਵੇਖਣ-ਪਾਖਣ ਅੰਦਰ ਬੁਰੇਵਾਂ ਹੀ ਬੁਰੇਵਾਂ ਹੈ ਅਤੇ ਅਜਿਹਾ ਦੇਖਣਾ-ਪਾਖਣਾ ਭੀ ਬੂਰ ਵਾਲੇ ਲੱਡੂਆਂ ਵਾਲਾ ਸੌਦਾ ਹੈ। ਘੜੀ ਦੀ ਘੜੀ ਆਪ ਦੀਆਂ ਅੱਖਾਂ ਦੇ ਸਾਹਮਣੇ ਕਿਸੇ ਵਸਤ ਦੇ ਰਹਿਣ ਨੂੰ ਉਸ ਵਸਤ ਦਾ ਸੰਮ੍ਹਾਲਣਾ ਨਹੀਂ ਕਹਿ ਸਕਦੇ। ਅੱਖਾਂ ਤੋਂ ਲਾਂਭੇ ਹੁੰਦਿਆਂ ਹੀ ਨਾਲ ਦੀ ਨਾਲ ਅਜਿਹੀ ਸੰਮ੍ਹਾਲ ਮੁੱਕ ਠੁਕ ਜਾਂਦੀ ਹੈ। ਅੰਤੀ ਓਰ ਮੋਹਲਤ ਪੁੰਨੀ ਉਤੇ ਜਦੋਂ ਉਹ 'ਅਲਪੱਗ ਸਾਹਿਬ' ਬਿਸਤਰਾ ਬੋਰੀਆ ਬੰਨ੍ਹ ਕੇ ਅਗਾਹਾਂ ਨੂੰ ਘਰ ਚਲਾਈਦਾ ਹੈ, ਤਦ ਤਾਂ ਸਾਹਿਬ ਸੰਮ੍ਹਾਲਣ ਵਲੋਂ ਉੱਕੀ ਹੀ ਸਫਨ-ਸਫ਼ਾਈ ਹੋ ਜਾਂਦੀ ਹੈ। ਸੋ ਇਹ ਸੰਮ੍ਹਾਲਣਾ ਕਿਸ ਲੇਖੇ? ਬਿਨਸਨਹਾਰ ਸਾਹਿਬਾਂ ਦਾ ਵਜੂਦ ਜਿਵੇਂ ਮਿਥਿਆ ਅਤੇ ਕੂੜ ਦਾ ਪਸਾਰਾ ਹੈ, ਤਿਵੇਂ ਤਿਨ੍ਹਾਂ ਦਾ ਸੰਮ੍ਹਾਲਣਾ ਭੀ ਮਿਥਿਆ ਅਤੇ ਕੂੜਾਵਾ ਦਿਲ-ਪ੍ਰਚਾਵਾ ਹੈ। ਕੂੜਾਵੇ ਸੰਸਾਰਕ ਅਲਪਗ ਸਾਹਿਬਾਂ ਦੇ ਸੰਮ੍ਹਾਲੇ ਤੇ ਸੌਰਦਾ ਭੀ ਕੁੱਝ ਨਹੀਂ।

## ਸੱਚੇ ਸਾਹਿਬ ਦੀ ਸੰਭਾਲ -

ਇਹ ਕੇਵਲ ਓਸ ਸਰਬੱਗ ਸੱਚੇ ਸਾਹਿਬ ਦਾ ਸੰਮ੍ਹਾਲਣਾ ਹੀ ਹੈ ਜੋ ਸਾਡਾ ਹਲਤੁ ਪਲਤ ਸੰਵਾਰ ਸਕਦਾ ਹੈ। ਸੋ ਸੱਚਾ ਸਰਬੱਗ ਸਾਹਿਬ ਜੋ ਸਦਾ ਹਜ਼ੂਰ ਹੈ, ਇਕ ਵਾਰ ਦਾ ਸੰਮ੍ਹਾਲਿਆ ਹੋਇਆ ਸਦੀਵ ਸੰਮ੍ਹਾਲ ਅੰਦਰ ਰਹਿੰਦਾ ਹੈ। ਯਥਾ ਗੁਰਵਾਕ -

*ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ*
*ਇਹ ਰੀਤਿ ਭਲੀ ਭਗਵੰਤੈ॥ ...          ਅੰਗ - ੨੪੯*

ਇਸ ਇਕ ਵਾਰ ਵਸ ਆਏ ਅਤੇ ਸੰਭਲੇ ਸੱਚੇ ਧਨੀ (ਸਾਹਿਬ) ਦੀ ਸੰਮ੍ਹਾਲ ਬਹੁੜ ਸੰਮ੍ਹਾਲੋਂ ਅਗੋਚਰ ਹੋ ਹੀ ਨਹੀਂ ਸਕਦੀ, ਕਿਉਂਕਿ ਉਹ 'ਸਾਹਿਬੁ ਸਦਾ ਹਜ਼ੂਰਿ ਹੈ', ਪਰ ਘਾਟਾ ਹੈ ਤਾਂ ਇਹ ਹੈ ਕਿ ਉਸ ਨੂੰ ਸੰਮ੍ਹਾਲਿਆ ਨਹੀਂ ਜਾਂਦਾ। ਜੇ ਉਹ ਸੰਮ੍ਹਾਲਿਆ ਜਾ ਸਕਦਾ ਹੈ ਤਾਂ ਕੇਵਲ 'ਗੁਰੂ ਦੁਆਰੇ ਹੋਇ ਕੈ' ਹੀ ਸੰਮ੍ਹਾਲਿਆ ਜਾਂਦਾ ਹੈ, ਪਰ ਇਹ ਸੰਮ੍ਹਾਲਣ ਕੀ ਅਤੇ ਕੈਸਾ ਹੈ? 'ਸਦਾ ਹਜ਼ੂਰ ਸਾਹਿਬ' ਨੂੰ, ਅਰਥਾਤ ਉਸ ਸਰਬੱਗ ਅਤੇ ਸਰਬ-ਵਿਆਪਕ ਸੱਚੇ ਸਾਹਿਬ ਨੂੰ ਪਰਤੱਖ ਹਾਜ਼ਰਾ ਹਜ਼ੂਰ ਪੇਖਣਾ, ਸਾਂਗੋ ਪਾਂਗ ਪੇਖਣਾ, ਸਾਹਿਬ ਨੂੰ ਸੰਮ੍ਹਾਲਣਾ' ਹੈ। ਅਜਿਹੀ ਸੰਮ੍ਹਾਲ ਦ੍ਰਿਸ਼ਟੀਓਂ ਅਗੋਚਰ ਤੱਤ ਅਤੇ ਸੱਚ ਸੱਤ ਪਦਾਰਥ ਦੀ ਸੰਮ੍ਹਾਲ ਭਲਾ ਕਦੋ ਹੋ ਸਕਦੀ ਹੈ। ਜਦ ਕਿ ਦ੍ਰਿਸ਼ਟਮਾਨ ਮਿਥਿਆ ਮਾਇਕ ਪਦਾਰਥਾਂ ਵਿੱਚ ਪ੍ਰਾਣੀ ਲੱਥ-ਪੱਥ ਹੈ। ਕਿੰਤੂ ਜਦ ਤੀਕਰ ਕਿ ਇਨ੍ਹਾਂ ਦ੍ਰਿਸ਼ਟਮਾਨ ਪਦਾਰਥਾਂ ਦਾ ਅਭਾਵ ਨਹੀਂ ਹੋ ਜਾਂਦਾ, ਤਦ ਤੀਕਰ ਉਸ ਸੱਤ ਪਦਾਰਥ ਦੀ ਸੰਮ੍ਹਾਲ ਕਦਾਚਿਤ ਸੰਭਵ ਨਹੀਂ ਅਤੇ ਇਹ ਹਉਮੈ ਦਾ ਭਰਮ-ਜਾਲ ਹੀ ਹੈ ਜਿਸ ਕਰਕੇ ਉਕਤ ਮਿਥਿਆ ਅਤੇ ਮਾਇਕ ਪਦਾਰਥਾਂ ਦਾ ਅਭਾਵ ਨਹੀਂ ਹੁੰਦਾ। ਬਸ ਕੇਵਲ 'ਗੁਰੂ ਦੁਆਰੇ ਹੋਇ ਕੈ' ਹੀ ਇਹ ਭਰਮ ਜਾਲ ਕੱਟਿਆ ਜਾ ਸਕਦਾ ਹੈ। ਸੋ 'ਗੁਰੂ ਦੁਆਰੇ ਹੋਇ ਕੈ' ਉਹ ਸਦਾ ਹਜ਼ੂਰ ਪ੍ਰੰਤੂ ਦ੍ਰਿਸ਼ਟੀਓਂ ਅਗੋਚਰ ਸਾਹਿਬ ਕਿਸ ਸ਼ਕਲ ਵਿੱਚ ਸੰਮ੍ਹਾਲਿਆ, ਅਥਵਾ ਲਿਖਿਆ ਜਾਵੇਗਾ। ਉਹ ਇਸ ਸ਼ਕਲ ਵਿੱਚ ਕਿ -

*ਭਰਮੈ ਕੇ ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ॥*

ਹਉਮੈ ਦੇ ਪ੍ਰਭਾਵ ਕਰਕੇ ਦ੍ਰਿਸ਼ਟਮਾਨ ਪਦਾਰਥਾਂ ਵਿੱਚ ਲਿਪਾਏਮਾਨ ਹੋਣ ਦਾ ਭਰਮ-ਭੁਲਾਵਾ ਜੋ ਪ੍ਰਾਣੀ ਨੂੰ ਲੱਗਾ ਹੋਇਆ ਹੈ, ਪ੍ਰਿਥਮ ਇਹ ਅਗਿਆਨ ਰੂਪੀ ਛਉੜ ਉਸ ਦੇ ਕੱਟੇ ਜਾਣਗੇ ਤਦ ਪਸਚਾਤ ਉਹ ਗੁਰੂ ਦੁਆਰੇ ਹੋਇਆ ਪ੍ਰਾਣੀ ਆਪਣੇ ਘਟ ਅੰਤਰਿ ਹੀ ਹਿਰਦੇ ਵਿਖੇ ਹੀ ਉਸ ਸੱਚੇ ਸਾਹਿਬ ਦੀ ਜਗਜੀਵਨ ਜੋਤਿ ਨੂੰ, ਪ੍ਰਕਾਸ਼ਤ ਕਰ ਕੇ ਲਖੇਗਾ। ਇਸ ਬਿਧ ਪ੍ਰਕਾਸ਼ਤ ਹੋਈ ਜੋਤਿ ਨੂੰ ਲਖਣਾ, ਸਾਹਿਬ ਨੂੰ ਸੰਮ੍ਹਾਲਣਾ ਅਤੇ ਸਦਾ ਹਜ਼ੂਰ ਪੇਖਣਾ ਅਰਥਾਤ ਪਰਤੱਖ ਕਰਨਾ ਹੈ। ਇਸ ਦੀ ਸੂਝ ਬੂਝ ਉਨ੍ਹਾਂ ਨੂੰ ਹੀ ਹੋ ਸਕਦੀ ਹੈ ਜਿਨ੍ਹਾਂ ਨੇ ਉਸ ਜੋਤਿ ਨੂੰ ਗੁਰੂ ਕਿਰਪਾ ਦੁਆਰਾ ਘਟ ਅੰਤਰ ਹੀ ਪ੍ਰਕਾਸ਼ਤ ਕਰਕੇ ਸੱਚੇ ਸਾਹਿਬ ਨੂੰ ਸਾਂਗੋ ਪਾਂਗ ਪੇਖਿਆ ਹੈ। ਜਿਨ੍ਹਾਂ ਨੇ ਸਾਹਿਬ ਨੂੰ ਸੱਚਮੁੱਚ ਸੰਮ੍ਹਾਲਿਆ ਹੈ ਉਨ੍ਹਾਂ ਨੂੰ ਹੀ ਸੰਮ੍ਹਾਲ ਪਦ ਦੇ ਅਰਥਾਂ ਦਾ ਸੱਚਾ ਸੁਆਦ ਤੇ ਰਸ ਆਇਆ ਹੈ। ਹਿਰਦੇ ਵਿੱਚ ਸਾਂਭ ਕੇ ਰੱਖਣ ਨਾਲੋਂ ਵਧ ਕੇ ਹੋਰ ਕਿਹੜੀ ਸੰਮ੍ਹਾਲ ਹੋ ਸਕਦੀ ਹੈ? ਆਹਾ! ਕਿਹੀ ਅਦੁੱਤੀ ਸੰਮ੍ਹਾਲ ਹੈ। ਇਹ ਸੰਮ੍ਹਾਲ ਹਰ-ਦਮ ਜੀਉੜੇ ਨਾਲ ਹੈ। ਜਿੱਥੇ ਇਹ ਜੀਉੜਾ ਤਿੱਥੇ ਇਹ ਸੰਮ੍ਹਾਲ, ਨਾਲ ਦੀ ਨਾਲ, ਇਕ ਨਿਮਖ ਭੀ, ਘੜੀ ਮੁਹਤ ਭੀ, ਪਲ ਚਸਾ ਭੀ, ਇਹ ਸੰਮ੍ਹਾਲ ਦੂਰ ਹੋਣ ਵਾਲੀ ਨਹੀਂ। ਦੂਰ ਕੀਕੂੰ ਹੋਵੇ। ਜਦ ਇਹ ਸੰਮ੍ਹਾਲ ਜੀਉੜੇ ਸੇਤੀ ਰਵਿ ਰਹੀ ਸੰਮ੍ਹਾਲ ਹੈ। ਇਹ ਕਉਤਕੀ ਸੰਮ੍ਹਾਲ ਜੀਉੜੇ ਨੂੰ ਸੁਰਜੀਤ ਕਰਨਹਾਰੀ ਸੰਮ੍ਹਾਲ ਹੈ। ਇਸ ਅਕਾਲੀ ਜੋਤਿ ਸੇਤੀ ਸੰਭਲਿਆ ਅਤੇ ਸਪੱਰਸ਼ ਹੋਇਆ ਜੀਅੜਾ ਸੁਰਜੀਤ ਕਿਉਂ ਨਾ ਹੋਵੇ ਜਦ ਕਿ ਉਹ ਸਦ-ਜੀਵਨ ਅਤੇ ਜਾਗਤ ਜੋਤਿ ਹੀ 'ਅਮਰ' 'ਅਟਲ' 'ਅਭੈ' ਅਕਾਲੀ ਤੇ ਅਬਿਨਾਸ਼ੀ ਹੈ। ਇਸੇ ਲਈ ਹੀ ਸ੍ਰੀ ਸਤਿਗੁਰੂ ਜੀ ਉਸ ਜੋਤਿ ਤੋਂ ਵਿਛੁੜੇ ਅਤੇ ਮਾਇਆ ਮੋਹ ਵਿਚ ਮਨੂਰ ਹੋਏ ਜੀਵਾਂ ਨੂੰ ਮਨ ਦਾ ਖਿਤਾਬ ਦੇ ਕੇ ਸਨਮੁਖ ਉਪਦੇਸ਼ ਕਰਦੇ ਹਨ। ਯਥਾ ਗੁਰਵਾਕ-

*ਮਨ ਕਰਹਲਾ ਮੇਰੇ ਪਿਆਰਿਆ ਵਿਚਿ ਦੇਹੀ ਜੋਤਿ ਸਮਾਲਿ...।          ਅੰਗ - ੨੩੫*

ਦੇਹੀ ਅੰਤਰ ਜੋਤਿ ਸੰਭਾਲਣ ਦਾ ਭਾਵ ਇਸ ਅਗਲੇਰੇ ਗੁਰਵਾਕ ਤੋਂ ਸੂਚਤ ਹੁੰਦਾ ਹੈ। ਯਥਾ -

*ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ...॥          ਅੰਗ - ੭੮*

ਦੇਖਿਆ! ਕਿਆ ਸੋਹਣੀ ਸੰਭਾਲ ਹੈ! ਇਹ ਸੰਭਾਲ ਅਮਰ ਅਤੇ ਅਟੱਲ ਪਦ ਨੂੰ ਪਹੁੰਚਾਣ ਵਾਲੀ ਸੰਮ੍ਹਾਲ ਹੈ। ਹਿਰਦੇ ਅੰਦਰ ਸਾਂਭ ਕੇ ਰੱਖੀ ਜਾਂਦੀ ਹੈ, ਤਾਂ ਹੀ ਤੇ ਇਸ ਦਾ ਨਾਉਂ ਸੰਮ੍ਹਾਲ ਹੈ। ਸੰਮ੍ਹਾਲ ਦੇ ਇਸੇ ਭਾਵ ਦੇ ਕਾਰਨ ਹੀ 'ਸਾਹਿਬ ਸਦਾ ਹਜੂਰਿ' ਸਦਾਉਂਦਾ ਹੈ। 'ਸਦਾ ਹਜੂਰਿ' ਦੇ ਅਰਥ ਉਦੋਂ ਤੀਕ ਸਮਝ ਅੰਦਰ ਨਹੀਂ ਆਉਂਦੇ ਜਦ ਤੀਕਰ ਸਾਹਿਬ ਦੀ ਸੰਮ੍ਹਾਲ ਨਾ ਹੋ ਜਾਵੇ, ਪਰ ਸੰਮ੍ਹਾਲ ਹੋਈ ਤੇ 'ਸਾਹਿਬ ਸਦਾ ਹਜੂਰਿ' ਕੀ! ਕਿੰਤੂ 'ਨੇਰੈ ਹੀ ਤੇ ਨੇਰਾ ਹੈ। ਇਸ ਸੰਮ੍ਹਾਲ ਵਿਹੂਣ ਸਦਾ-ਹਜ਼ੂਰ ਸਾਹਿਬ ਘਰ ਹੀ ਅੰਦਰ ਦੂਰ ਹੈ ਅਤੇ 'ਸਦਾ ਹਜ਼ੂਰ ਸਾਹਿਬ' ਦੇ ਇਸ ਬਿਧ ਸਮੀਪ ਹੁੰਦੇ ਹੋਏ ਡਰ ਦੂਰ ਅਰਥਾਤ ਦ੍ਰਿਸ਼ਟੀਓ ਅਗੋਚਰ ਹੋਣ ਦਾ ਕਾਰਨ ਕੇਵਲ ਇਹੋ ਹੈ ਕਿ ਜੀਵਾਂ ਉੱਤੇ

**(ਬਾਕੀ ਪੰਨਾ 24 'ਤੇ)**

# ਸਭ ਤੇ ਵਡਾ ਸਤਿਗੁਰੁ ਨਾਨਕੁ

*[ਭਾਈ ਗੁਰਦੇਵ ਸਿੰਘ ਲਹਿਰ]*

ਕਿਸੇ ਵਸਤੂ ਦਾ ਵੱਡਾ ਛੋਟਾ ਹੋਣਾ ਉਸ ਦੇ ਅਕਾਰ ਤੋਂ ਹੀ ਅਨੁਮਾਨਿਆ ਜਾ ਸਕਦਾ ਹੈ ਪਰ ਕਿਸੇ ਵਿਅਕਤੀ ਨੂੰ ਰੂਪ-ਰੰਗ, ਜਾਤ-ਪਾਤ, ਨਸਲ ਜਾਂ ਦੇਸ-ਭੇਸ ਕਰਕੇ ਬਣਾਇਆ ਜਾਂ ਵਡਿਆਇਆ ਨਹੀਂ ਜਾ ਸਕਦਾ। ਕਿਸੇ ਗੁਰੂ ਵਿਸ਼ੇਸ਼ ਨੂੰ ਰਹਿਬਰ ਹੋਣ ਦੀ ਹੈਸੀਅਤ ਵਿੱਚ ਦਰਜਾਬੰਦੀ ਜਾਂ ਮੁਲਾਂਕਣ ਕਰਨਾ ਬੜਾ ਔਖਾ ਹੈ। ਗੁਰੂ ਪਦਵੀ ਤੇ ਪੁੱਜਣਾ ਉਸ ਦੀ ਨਾਯਾਬ ਕਮਾਈ ਤੇ ਨਿਰਭਰ ਕਰਦਾ ਹੈ। ਉਸ ਦੀ ਕੀਰਤੀ ਦਾ ਖੇਤਰ ਉਨੀ ਦੇਰ ਤਕ ਵਧਦਾ ਜਾਵੇਗਾ ਜਿੰਨੀ ਦੇਰ ਤਕ ਉਹਦਾ ਆਲਾ ਦੁਆਲਾ ਪ੍ਰਭਾਵਤ ਹੁੰਦਾ ਰਹੇਗਾ। ਪਰਮਾਰਥਕ ਪੰਧ ਉਤੇ ਹਜਰਤ ਮੁਹੰਮਦ ਸਾਹਿਬ, ਈਸਾ ਮਸੀਹ, ਮਹਾਤਮਾ ਬੁੱਧ, ਮਹਾਂਵੀਰ ਜੈਨ, ਕਨਫਿਊਸ਼ਿਸ਼, ਰਾਮ ਤੇ ਕ੍ਰਿਸ਼ਨ, ਪੀਰ ਤੇ ਪੈਗੰਬਰ, ਗੁਰੂ ਅਵਤਾਰ ਤੇ ਔਲੀਏ ਕਾਫੀ ਗਿਣਤੀ ਵਿੱਚ ਹੋ ਚੁੱਕੇ ਹਨ। ਸਮੇਂ ਸਮੇਂ ਹਰੇਕ ਨੇ ਦੁਨੀਆਂ ਨੂੰ ਬਹੁਤ ਸੇਧਾਂ ਦੱਸੀਆਂ ਹਨ ਅਤੇ ਅਮਿੱਟ ਪੈੜਾਂ ਵੀ ਪਾਈਆਂ ਹਨ। ਉਨ੍ਹਾਂ ਵਲੋਂ ਉਲੀਕੇ ਅਤੇ ਅਲਾਪੇ ਹੋਏ ਪ੍ਰਵਚਨ ਵੀ ਉਪਲਬਧ ਹਨ। ਭਾਈ ਗੁਰਦਾਸ ਦੀ ਦ੍ਰਿਸ਼ਟੀ ਵਿੱਚ ਇਹ ਸ਼ਬਦ 'ਸਭ ਤੇ ਵਡਾ ਸਤਿਗੁਰੁ ਨਾਨਕੁ' ਬੜੀ ਅਰਥ ਭਰਪੂਰ ਗੱਲ ਹੈ। ਏਡੇ ਵੱਡੇ ਗਿਆਨਵਾਨ ਦੀ ਕਹੀ ਹੋਈ ਗੱਲ ਉੱਤੇ ਕਿੰਤੂ ਪ੍ਰੰਤੂ ਕਰਨਾ ਕੋਈ ਸੌਖੀ ਗੱਲ ਨਹੀਂ। ਸ਼ਬਦ ਗੁਰੂ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨਵਾਦ ਦਾ ਮਹਾਨ ਗਿਆਨ ਸਾਗਰ ਹੈ। ਭਾਵੇਂ ਕਿਸੇ ਵੀ ਔਲੀਏ ਜਾਂ ਪੈਗੰਬਰ ਦੀ ਦਰਸਾਈ ਗਈ ਨੀਤੀ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ਪਰ ਸਤਿਗੁਰੂ ਨਾਨਕ ਦਾ ਸਭ ਤੋਂ ਵੱਡਾ ਗੁਰੂ ਹੋਣ ਬਾਰੇ ਕੁੱਝ ਇਸ਼ਾਰੇ ਸਾਂਝੇ ਕੀਤੇ ਜਾ ਸਕਦੇ ਹਨ।

ਸਭ ਤੋਂ ਅਹਿਮ ਗੱਲ ਤਾਂ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਆਪ ਪ੍ਰਭੂ ਦੇ ਨਿਵਾਜੇ ਹੋਏ ਗੁਰੂ ਵਿਅਕਤੀ ਸਨ। ਉਹਨਾਂ ਧੁਰ ਕੀ ਬਾਣੀ ਜਿਹੜੀ ਵੀ ਉਨ੍ਹਾਂ ਦੇ ਜਿਹਨ ਵਿੱਚ ਆਈ ਉਸ ਨੂੰ ਕਲਮਬੰਦ ਕੀਤਾ। ਗੁਰਮੁਖੀ ਲਿਪੀ ਦਾ ਪ੍ਰਯੋਗ ਕੀਤਾ। ਭਾਈ ਮਰਦਾਨੇ ਦੀ ਮਿੱਠੀ ਧੁਨਾਂ ਵਾਲੀ ਰਬਾਬ ਰਾਹੀਂ ਬੜੇ ਹੀ ਚਾਉ ਨਾਲ ਤਰੱਨਮ ਵਿੱਚ ਗਾਇਨ ਵੀ ਕੀਤਾ। ਸਾਰੀ ਹੀ ਰਚਨਾ, ਧੁਰ ਕੀ ਬਾਣੀ ਨੂੰ ਉਸ ਵੇਲੇ ਦੀਆਂ ਪ੍ਰਚੱਲਤ ਲੋਕ ਬੋਲੀਆਂ ਵਿੱਚ ਰਚਿਆ ਤੇ ਕਲਮਬੰਦ ਕੀਤਾ ਜਿਸ ਖੁਣੋਂ ਬਾਕੀ ਦੇ ਪੀਰ, ਪੈਗੰਬਰ ਤੇ ਅਵਤਾਰ ਆਪਣੀ ਮੁਖਾਰਬਿੰਦ ਤੋਂ ਉਚਰੀ ਬਾਣੀ ਨੂੰ ਕਲਮਬੰਦ ਨਾ ਕਰ ਪਾਏ। ਹਾਂ ਉਹਨਾਂ ਦੇ ਸ਼ਰਧਾਲੂਆਂ ਨੇ ਉਹਨਾਂ ਦੀ ਸਿੱਖਿਆ ਦੀਖਿਆ ਨੂੰ ਪਰਚਾਰਿਆ ਵੀ ਤੇ ਕਲਮਬੰਦ ਵੀ ਕੀਤਾ।

ਵੱਡੀ ਵਡਿਆਈ ਦਾ ਦੂਜਾ ਬਿੰਦੂ ਹੈ ਕਿ ਉਹਨਾਂ ਨੇ ਆਪਣੀ ਆਯੂ ਦੇ ਬਹੁਮੁੱਲੇ ੨੮ ਵਰ੍ਹੇ ਚਾਰ ਉਦਾਸੀਆਂ ਕੀਤੀਆਂ। ਬਹੁਤੇ ਸਾਧਨ ਨਾ ਹੋਣ ਕਾਰਨ ਬਿਖੜੇ ਜੰਗਲ ਬੀਆਬਾਨਾਂ ਦੇ ਕੰਡਿਆਲੇ, ਪਥਰੀਲੇ ਤੇ ਰੇਤਲੇ ਟਿੱਬਿਆਂ ਵਿੱਚੋਂ ਪੰਧ ਮੁਕਾ ਕੇ ਤਪੀ ਤਪੀਸਰਾਂ ਨੂੰ ਗ੍ਰਹਿਸਤ ਮਾਰਗ ਦੀ ਅਹਿਮੀਅਤ ਤੋਂ ਜਾਣੂ ਕਰਵਾਇਆ। ਸਾਰੀ ਲੋਕਾਈ ਨੂੰ ਅਹਿਸਾਸ ਕਰਵਾਇਆ ਕਿ ਜਗਤ ਪਿਤਾ ਸਰਵ ਵਿਆਪੀ ਹੈ ਘੱਟ ਘੱਟ ਵਿੱਚ ਵਸਦਾ ਹੈ। 'ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥' ਜਗਤ ਵਿੱਚ ਸਾਰੇ ਦਿਸਦੇ ਪਦਾਰਥ ਨਾਸ਼ਵਾਨ ਹਨ। ਅਕਾਲਪੁਰਖ ਅਜਨਮਾ ਹੈ ਅਤੇ ਉਹ ਸਾਰੀ ਕਾਇਨਾਤ ਦਾ ਪਿਤਾ ਹੈ।

ਸਤਿ ਕਰਤਾਰ ਦਾ ਪ੍ਰਚਾਰ ਨਿੱਜ ਬੱਧਾਨ ਨੂੰ ਵਿੱਢ ਕੇ ਦੂਰ ਦੂਰ ਤੱਕ ਕੀਤਾ। ਹੱਕ ਸੱਚ ਦੇ ਨਾਅਰੇ ਨੂੰ ਬੁਲੰਦ ਕੀਤਾ। ਗੁਰੂ ਨਾਨਕ ਜੀ ਦੀ ਮਿਕਨਾਤੀਸੀ ਖਿੱਚ ਨਾਲ ਬਹੁਤੇ ਕੈਦੀ ਖਿੱਚੇ ਗਏ ਤੇ ਉਹਨਾਂ ਦੇ ਚਰਨਾਂ ਦੇ ਭੌਰੇ ਬਣ ਗਏ। ਚੰਗੇ ਮਾੜੇ ਦਿਨਾਂ ਦਾ ਚੱਲ ਰਿਹਾ ਵਿਚਾਰ ਉਨ੍ਹਾਂ ਨੇ ਰੱਦ

ਕਰ ਦਿੱਤਾ ਤੇ ਉਸ ਦਿਨ ਦੀ ਜਿਆਦਾ ਅਹਿਮੀਅਤ ਦਰਸਾਈ ਜਿਸ ਦਿਨ ਪਿਤਾ ਪਰਮੇਸ਼ਰ ਨਾਲ ਜੁੜਿਆ ਜਾਏ।

ਸ਼ਬਦ ਤੇ ਸੁਰਤ ਦੇ ਮਿਲਾਪ ਨੂੰ ਸੁਖਾਂ ਦੀ ਖਾਨ ਦੱਸਿਆ। ਸੱਰਬਤ ਦੇ ਭਲੇ ਦਾ ਚਿੰਤਨ ਤਦ ਹੀ ਹੋ ਸਕਦਾ ਹੈ ਜੋ ਅਕਾਲ ਪੁਰਖ ਨੂੰ ਹਾਜ਼ਰ ਨਾਜ਼ਰ ਮੰਨਣ ਦਾ ਅਹਿਸਾਸ ਜਾਗ ਪਵੇ।

ਆਪਣੀ ਦਿੱਬ ਦ੍ਰਿਸ਼ਟੀ 'ਕੇਤੇ ਖੰਡ ਕੇਤੇ ਬ੍ਰਹਮੰਡ', 'ਸਸ ਘਰ ਸੂਰ ਸਮਾਵੈ', ਕੇਤੇ ਬ੍ਰਹਮਾ ਘਾੜਤ ਘੜੀਏ ਆਦਿ ਦਾ ਵੇਰਵਾ ਦੇ ਕੇ ਲੋਕਾਂ ਦੇ ਮਨਾਂ ਉੱਤੇ ਆਪਣੀ ਵਡਿਆਈ ਦਾ ਛਾਪਾ ਲਾ ਦਿੱਤਾ। ਉਹ ਪਦਾਰਥ ਪ੍ਰਯੋਗ ਕਰਨ ਤੋਂ ਹੋੜਿਆ ਜਿਨਾਂ ਨਾਲ ਤਨ ਤੇ ਮਨ ਵਿੱਚ ਵਿਕਾਰ ਪੈਦਾ ਹੋਣ। ਨਿਕੇ ਮੋਟੇ ਦੀਵੇ ਬਾਲ ਕੇ ਆਰਤੀ ਕਰਨ ਨਾਲੋਂ 'ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ' ਵਾਲਾ ਸ਼ਬਦ ਗਾਇਨ ਕਰਕੇ ਸਭ ਨੂੰ ਅਸਚਰਜ ਕਰ ਦਿੱਤਾ।

ਸੱਜਨ ਵਰਗੇ ਠੱਗਾਂ, ਕੌਡੇ ਵਰਗਿਆਂ ਰਾਖਸ਼ਾਂ, ਬੰਗਾਲ ਤੇ ਆਸਾਮ ਦੀਆਂ ਟੂਣੇਹਾਰੀਆਂ ਜਾਦੂਗਰਨੀਆਂ ਨੂੰ ਗ੍ਰਹਸਤ ਦੀ ਮਹੱਤਤਾ ਸਮਝਾ ਕੇ ਸ਼ੁਭ ਆਚਾਰੀ ਬਣਾਇਆ। ਮਲਕ ਭਾਗੋ ਵਰਗੇ, ਲੋਕਾਂ ਦੀ ਕਮਾਈ ਹੜੱਪਣ ਵਾਲੇ ਬੰਦਿਆਂ ਨੂੰ ਸੋਝੀ ਬਖਸ਼ੀ ਕਿ 'ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ' ਦੱਸ ਕੇ ਸੇਸ਼ਟਾਚਾਰ ਦਾ ਰਾਹ ਦਰਸਾਇਆ। ਅਨੇਕਾਂ ਪਾਖੰਡ ਕਰਨ ਵਾਲੇ ਲੋਕਾਂ ਨੂੰ ਆਪਸੀ ਭਾਈਚਾਰੇ ਦਾ ਸਬਕ ਸਿਖਾਇਆ।

ਬਾਬਾ ਨਾਨਕ ਦੀ ਵਡਿਆਈ ਦਾ ਅਗਲਾ ਬਿੰਦੂ 'ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ। ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ॥' ਨਿਮ੍ਰਤਾ ਨੂੰ ਬੜਾ ਉੱਚਾ ਰੁਤਬਾ ਦਿੱਤਾ, ਉਸਦਾ ਇਹ ਮੰਨਿਆ ਹੋਇਆ ਜੀਵਨ ਲਕਸ਼ ਸੀ 'ਨਿਵੈ ਸੁ ਗਉਰਾ ਹੋਇ' ਇਸ ਸਿਧਾਂਤ ਮੰਨਣ ਵਾਲਿਆਂ ਨੂੰ ਹੀ ਸ਼ਰਧਾਲੂ ਹੋਣ ਦੀ ਥਾਂ ਮਿਲਦੀ ਸੀ।

ਇਸ ਮਾਰਗ ਨੂੰ ਕਬੂਲ ਕਰਨ ਦੀ ਸਭ ਤੋਂ ਬੜੀ ਔਕੜ ਮਾਇਆ ਜਾਲ ਤੋਂ ਬਚਣ ਦੀ ਹੈ ਮਾਇਆ ਦਾ ਸੁਆਦ ਭਾਵੇਂ ਵਕਤੀ ਤੌਰ ਤੇ ਹੀ ਹੋਵੇ ਪਰ ਸੁਖਾਵਾਂ ਭਾਸਦਾ ਹੈ। ਇਸ ਝੂਠੇ ਸੁਆਦ ਵਿੱਚ ਗ੍ਰਸਿਆ ਬੰਦਾ ਉਸ ਕਾਦਰ ਕਰੀਮ ਵੱਲ ਝੁਕਾਅ ਹੀ ਨਹੀਂ ਕਰਦਾ। ਹੌਲੀ ਹੌਲੀ ਅਜਿਹੇ ਚਸਕਿਆਂ ਦੇ ਚੱਕਰ ਵਿੱਚ ਫਸਦਾ ਹੈ ਕਿ ਅਕਾਲ ਪੁਰਖ ਵੱਲ ਧਿਆਨ ਕਰਨਾ ਉੱਕਾ ਹੀ ਵਿਸਰ ਜਾਂਦਾ ਹੈ। ਬਸ ਕਾਲੇ ਕਾਰਨਾਮਿਆਂ ਵਿਚ ਮੁਬਤਲਾ ਹੋ ਕੇ ਜਨਮ ਅਕਾਰਥਾ ਹੀ ਬੇਅਰਥ ਹੋ ਜਾਂਦਾ ਹੈ। ਨਹੀਂ ਤਾਂ 'ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੋਇ' ਵਰਗਾ ਸਿਧਾਂਤ ਦ੍ਰਿੜਤਾ ਪੈਦਾ ਕਰਦਾ ਹੈ।

ਵੰਡ ਛਕਣ ਦਾ ਸਿਧਾਂਤ ਬਾਬੇ ਨਾਨਕ ਦੇ ਲਾਸਾਨੀ ਕਿਰਦਾਰ ਦੀ ਦੇਣ ਹੈ। ਗਰਜ਼ਮੰਦ ਦੀ ਗਰਜ ਪੂਰੀ ਹੋ ਜਾਵੇ ਤਾਂ ਉਹਦੇ ਦਿਲ ਵਿੱਚ ਖੁਸ਼ੀ ਦਾ ਪ੍ਰਗਟਾ ਅਸੀਸ ਦਾ ਰੂਪ ਧਾਰਨ ਕਰ ਜਾਂਦਾ ਹੈ। ਅਹਿਸਾਨ ਮੰਦੀ ਨਾਲ ਤਿਣਕਾ ਡੁੱਬਦੇ ਨੂੰ ਬਚਾ ਲੈਂਦਾ ਹੈ। ਭੁੱਖੇ ਬੰਦੇ ਨੂੰ ਆਹਾਰ ਮਿਲ ਜਾਵੇ ਤਾਂ ਉਹ ਤ੍ਰਿਪਤ ਹੋ ਜਾਂਦਾ ਹੈ। ਪਿਆਸੇ ਨੂੰ ਪਾਣੀ ਮਿਲ ਜਾਵੇ ਤਾਂ ਉਹ ਅਹਿਸਾਨਮੰਦ ਹੋ ਜਾਂਦਾ ਹੈ। ਸਰਬੱਤ ਦੇ ਭਲੇ ਦੀਆਂ ਇਹ ਨਿਸ਼ਾਨੀਆਂ ਨਾਲ ਜਾ ਮਿਲਦਾ ਹੈ। ਨੂਰੀ ਬਾਬੇ ਨੇ ਇਸ ਪ੍ਰਥਾਇ ਵਧੀਆ ਜ਼ਿਕਰ ਕੀਤਾ ਹੈ।

***ਘਾਲਿ ਖਾਇ ਕਿਛੁ ਹਥਹੁ ਦੇਇ॥***
***ਨਾਨਕ ਰਾਹੁ ਪਛਾਣਹਿ ਸੇਇ॥੧॥ ਅੰਗ - ੧੨੪੫***

ਕਿਰਤ ਕਰਨ ਵਾਲੇ ਕੋਲ ਪੂੰਜੀ ਦਾ ਥੋੜ੍ਹਾ ਬਹੁਤ ਅਸਾਸਾ ਜੁੜਿਆ ਰਹਿੰਦਾ ਹੈ। ਜਿਹੜਾ ਖੁਦ ਨੰਗਾ ਭੁੱਖਾ ਹੈ, ਉਹ ਕਿਸੇ ਜ਼ਰੂਰਤ ਮੰਦ ਦੀ ਜ਼ਰੂਰਤ ਕਿਵੇਂ ਪੂਰੀ ਕਰ ਸਕਦਾ ਹੈ। ਇਸੇ ਕਰਕੇ ਬਾਬੇ ਨੇ ਕਿਰਤ ਕਰਨ ਨੂੰ ਤਰਜੀਹ ਦਿੱਤੀ ਹੈ।

ਗੁਰੂ ਨਾਨਕ ਦੀ ਵਡਿਆਈ ਆਪ ਮੁਹਾਰੇ ਚਮਕਦੀ ਦਿਸਦੀ ਹੈ ਜਦੋਂ ਉਹ ਔਝੜੀ ਪਈ ਮਨੁੱਖਤਾ ਨੂੰ ਅਨੇਕਾਂ ਪ੍ਰਭੂਆਂ ਨਾਲੋਂ ਤੋੜ ਕੇ ਇਕੋ ਸ੍ਰਿਸ਼ਟੀ ਕਰਤਾ ਨਾਲ ਜੁੜਨ ਲਈ ਜ਼ੋਰ ਦਿੰਦੇ ਹਨ। ਅੰਮ੍ਰਿਤ ਵੇਲੇ ਦੀ ਬੜੀ ਮਹਿਮਾ ਕੀਤੀ। ਲਿਵ ਜਾਂ ਧਿਆਨ ਪ੍ਰਭੂ ਚਰਨਾਂ ਹਿੱਤ ਲਾਉਣ ਦਾ ਇਹ ਅਮੁਲਵਾਂ ਅੰਮ੍ਰਿਤ ਵੇਲਾ ਹੈ। ਉਹਦੀ ਸਿਫ਼ਤ ਸਾਲਾਹ ਕਰਨ ਦੀ ਜਾਂਚ ਦੱਸੀ। ਧੁਰ ਕੀ ਬਾਣੀ ਵਿਚੋਂ ਕੁੱਝ ਬਾਣੀਆ ਨਿੱਤ ਪੜ੍ਹਨ ਦਾ ਗੁਰ ਦੱਸਿਆ। ਲਗਨ ਤੇ ਚਾਓ ਨਾਲ ਸਿਮਰਨ ਤੇ ਬੰਦਗੀ ਕਰਨ ਦਾ ਉਪਦੇਸ਼ ਦਿੱਤਾ। ਕੇਸਾਂ ਨੂੰ ਕਟਾਉਣ ਤੋਂ ਵਰਜਿਆ।

ਅਗਲੀ ਸੇਧ ਅਕਾਲ ਪੁਰਖ ਦੇ ਹੁਕਮ ਨੂੰ ਤਸਲੀਮ ਕਰਨਾ ਹੈ। 'ਮਨਿ ਜੀਤੈ ਜਗੁ ਜੀਤੁ' ਅੱਜ ਤੱਕ ਜਿਸ ਕਿਸੇ ਨੇ ਵੀ ਇਹ ਰੁਖ ਅਪਣਾਇਆ ਹੈ ਤਾਂ ਉਹਦੇ ਲਈ ਮਾਨਸਿਕ ਅਵਸਥਾ ਨੇ ਪਹਿਲਾ ਸਥਾਨ ਲਿਆ।

***(ਬਾਕੀ ਪੰਨਾ 28 'ਤੇ)***

# ਗੁਰੂ ਨਾਨਕ ਸਾਹਿਬ ਦੇ ਪ੍ਰਚਾਰ ਢੰਗ

*[ਡਾ. ਕੁਲਦੀਪ ਸਿੰਘ ਹਉਰਾ]*

ਗੁਰੂ ਨਾਨਕ ਸਾਹਿਬ ਦੇ ਪ੍ਰਚਾਰ ਢੰਗ ਨਿਰਾਲੇ ਹੋਣ ਦੇ ਬਾਵਜੂਦ ਕੁਦਰਤੀ ਸਨ। ਆਪ ਨੇ ਇਕ ਥਾਂ ਤੇ ਬੈਠ ਕੇ, ਡੇਰਾ ਕਾਇਮ ਕਰਕੇ, ਪੂਜਾ ਕਰਾ ਕੇ ਸੇਵਕਾਂ ਆਦਿ ਰਾਹੀਂ ਲੋਕਾਂ ਨੂੰ ਸੱਦ ਕੇ, ਕਰਾਮਾਤਾਂ ਵਿਖਾ ਕੇ, ਰਿੱਧੀਆਂ, ਸਿੱਧੀਆਂ, ਨਿੱਧੀਆਂ ਦੇ ਡਰ ਤੋਂ ਧਮਕਾ ਕੇ, ਆਪਣੇ ਮਗਰ ਲਗਾ ਕੇ, ਆਪਣੇ ਤੇ ਆਪਣੇ ਪਰਵਾਰ ਲਈ ਜਾਗੀਰਾਂ ਕਾਇਮ ਕਰਨ ਦਾ ਯਤਨ ਨਹੀਂ ਸੀ ਕੀਤਾ। ਸਗੋਂ ਆਪ ਦਾ ਪ੍ਰਚਾਰ ਢੰਗ ਨਾਟਕੀ ਹੁੰਦਾ ਸੀ। ਆਪ ਨੇ ਰਾਜਿਆਂ, ਮਹਾਰਾਜਿਆਂ, ਪਰਜਾ ਦੇ ਅੱਡ ਅੱਡ ਵਰਗਾਂ, ਬ੍ਰਾਹਮਣਾਂ, ਖੱਤਰੀਆਂ, ਜੋਗੀਆਂ, ਜੈਨੀਆਂ, ਮੁਸਲਮਾਨਾਂ, ਫ਼ਕੀਰਾਂ, ਪੀਰਾਂ, ਠੱਗਾਂ, ਰੁਹੇਲਿਆਂ, ਪਠਾਣਾਂ, ਕਾਮਰੂਪ ਦੀਆਂ ਨਾਰੀਆਂ, ਦੀਪਾਲਪੁਰ ਦੇ ਕੋਹੜੀ, ਹਮਜ਼ਾ ਗੌਂਸ ਵਰਗੇ ਹਠੀ ਫ਼ਕੀਰਾਂ, ਅਜਮੇਰ ਦੇ ਮੁਆਈਨ-ਦੀਨ ਵਰਗੇ ਪਖੰਡੀਆਂ, ਕੌਡੇ ਵਰਗੇ ਰਾਖਸ਼ਾਂ, ਅਚੱਲ ਵਟਾਲੇ ਦੇ ਰਿੱਧੀਆਂ, ਸਿੱਧੀਆਂ ਵਾਲੇ ਜੋਗੀਆਂ ਆਦਿ ਕੋਲ ਆਪ ਖੁਦ ਪੁੱਜ ਕੇ, ਉਹਨਾਂ ਤਾਈਂ ਆਪਣਾ ਨਜ਼ਰੀਆ ਪਹੁੰਚਾਇਆ ਸੀ। ਉਹ ਆਪ ਹਿੰਦੂਆਂ, ਮੁਸਲਮਾਨਾਂ ਤੇ ਜੋਗੀਆਂ ਦੇ ਟਿਕਾਣਿਆਂ ਉਤੇ ਪੁੱਜੇ। ਕੁਰਕਸ਼ੇਤਰ, ਹਰਦੁਆਰ, ਜਗਨਨਾਥ, ਬਨਾਰਸ ਤੇ ਗਯਾ ਦੇ ਮੰਦਰਾਂ ਤੋਂ ਇਲਾਵਾ ਮੱਕਾ, ਮਦੀਨਾ, ਬਗਦਾਦ, ਸੁਮੇਰ ਪਰਬਤ, ਮਾਨ-ਸਰੋਵਰ, ਤਿੱਬਤ ਤੇ ਚੀਨ ਆਦਿ ਥਾਵਾਂ ਤੇ ਜਾ ਕੇ ਆਪ ਨੇ 'ਸੱਤ-ਕਰਤਾਰ' ਦਾ ਨਾਦ ਗੁੰਜਾਇਆ ਸੀ।

ਜਿੱਥੇ-ਜਿੱਥੇ ਆਪ ਗਏ, ਬੜੇ ਨਿਰਾਲੇ ਢੰਗ ਨਾਲ, ਨਾਟਕੀ ਢੰਗ ਨਾਲ ਆਪਣੇ ਉਪਦੇਸ਼ ਪੇਸ਼ ਕੀਤੇ ਅਤੇ ਆਪਣੇ ਮਨੋਰਥ ਵਿਚ ਸਫਲਤਾ ਪ੍ਰਾਪਤ ਕੀਤੀ, ਸਦਾਚਾਰ ਦਾ ਸਾਂਝਾ ਉਪਦੇਸ਼ ਦਿੱਤਾ। ਆਪਣੇ ਆਪਣੇ ਧਾਰਮਿਕ ਚਿੰਨ੍ਹਾਂ ਦੀ ਅਸਲੀਅਤ ਨੂੰ ਪਛਾਣਕੇ, ਉਨ੍ਹਾਂ ਦੇ ਦੱਸੇ ਸਦਾਚਾਰ ਦੇ ਤੁੱਲ ਸਾਬਤ ਹੋਣ ਲਈ ਕਿਹਾ। ਰਿੱਧੀਆਂ ਸਿੱਧੀਆਂ ਤੋਂ ਉੱਚਾ ਉਠਣ ਦੀ ਪ੍ਰੇਰਣਾ ਕੀਤੀ। ਪਖੰਡ ਦੀ ਨਿਖੇਧੀ ਕੀਤੀ। ਪਰਚਲਤ ਮੁਕਤੀ ਦੇ ਸਾਧਨਾਂ, ਤੀਰਥ-ਇਸ਼ਨਾਨ, ਵਰਤ ਪੂਜਾ ਆਦਿ ਦੀ ਅਸਲੀਅਤ ਦੱਸੀ। ਧਾਰਮਕ ਗਿਆਨ ਨੂੰ ਉਪਜੀਵਕਾ ਦਾ ਢੰਗ ਬਣਾਉਣ ਦੀ ਕਰੜੀ ਵਿਰੋਧਤਾ ਕੀਤੀ। ਸੂਤਕ, ਜਨੇਊ, ਸ਼ਰਾਧ ਆਦਿ ਰਸਮਾਂ ਦੀ ਨਿਖੇਧੀ ਕੀਤੀ। ਖਾਣ-ਪੀਣ ਦੇ ਭਰਮਾਂ ਭੇਦਾਂ ਨੂੰ ਚੰਗੀ ਤਰ੍ਹਾਂ ਪ੍ਰਗਟਾਇਆ ਅਤੇ ਬੁੱਤ-ਪੂਜਾ ਵਿਰੁੱਧ ਆਪਣੇ ਵਿਚਾਰ ਪੇਸ਼ ਕੀਤੇ। ਆਪ ਜਿਥੇ ਵੀ ਗਏ, ਆਪ ਨੇ ਵਾਦ-ਵਿਵਾਦ, ਝਗੜਾ ਨਹੀਂ ਕੀਤਾ, ਸਗੋਂ ਬੜੇ ਨਾਟਕੀ ਢੰਗ ਨਾਲ ਗਲਤ ਪ੍ਰਚਲਿਤ ਵਿਚਾਰਾਂ ਦੇ ਉਲਟ ਯਤਨ ਕਰਨੇ ਸ਼ੁਰੂ ਕੀਤੇ, ਜਿਨ੍ਹਾਂ ਨੂੰ ਆਪ ਹਾਨੀਕਾਰਕ ਸਮਝਦੇ ਸਨ। ਪਰ ਆਪ ਨੇ ਆਪਣੇ ਵਿਚਾਰ ਜਨਤਾ ਉਤੇ ਠੋਸੇ ਨਹੀਂ, ਸਗੋਂ ਇਸ ਤਰ੍ਹਾਂ ਨਾਲ ਪੇਸ਼ ਕੀਤੇ ਕਿ ਸਰਬ-ਸਾਧਾਰਨ ਨੂੰ ਜਚਣ ਤੇ ਉਹ ਇਹਨਾਂ ਨੂੰ ਅਪਨਾਉਣ। ਜਦੋਂ ਆਪ ਨੂੰ ਜਨੇਊ ਪਾਇਆ ਜਾਣ ਲੱਗਾ ਤਾਂ ਆਪ ਨੇ ਅਖੌਤੀ ਜਨੇਊ ਦੀ ਨਿਖੇਧੀ ਕਰਨ ਦੀ ਬਜਾਏ ਅਜਿਹੇ ਜਨੇਊ ਦੀ ਮੰਗ ਕੀਤੀ ਜੋ ਨਾ ਕਦੇ ਟੁੱਟੇ, ਨਾ ਮੈਲਾ ਹੋਵੇ, ਨਾ ਸੜੇ। ਨਿਸਚੇ ਹੀ ਅਜਿਹੀਆਂ ਖੂਬੀਆਂ ਉਸ ਸੂਤਰ ਦੇ ਜਨੇਊ ਵਿਚ ਨਹੀਂ ਸਨ ਹੋ ਸਕਦੀਆਂ। ਆਪ ਨੇ ਰਸਮੀ ਜਨੇਊ ਦੀ ਥਾਂ ਦਇਆ, ਸੰਤੋਖ, ਜਤੁ ਤੇ ਸੱਤ ਵਾਲੇ ਜਨੇਊ ਦੀ ਮੰਗ ਕੀਤੀ ਜੋ ਕਿ ਅਸਲ 'ਚ ਅਖੌਤੀ ਜਨੇਊ ਪਹਿਨਣ ਤੋਂ ਇਨਕਾਰ ਸੀ। ਪਰ ਇਸ ਤਰ੍ਹਾਂ ਕਰਨ ਨਾਲ ਨਾ ਮਾਪਿਆਂ ਦਾ ਅਪਮਾਨ ਹੋਇਆ, ਨਾ ਜਨੇਊ ਪਹਿਨਣ ਵਾਲਿਆਂ ਦਾ ਹਿਰਦਾ ਦੁਖਿਆ ਤੇ ਪਾਂਡਾ ਆਪਣੇ ਆਪ ਨਿਰੁੱਤਰ ਹੋ ਗਿਆ। ਗੁਰੂ ਸਾਹਿਬ ਨੇ ਆਪਣਾ ਨਜ਼ਰੀਆ ਪੇਸ਼ ਕਰਦਿਆਂ ਕਿਹਾ –

*ਦਇਆ ਕਪਾਹ ਸੰਤੋਖੁ ਸੂਤੁ, ਜਤੁ ਗੰਢੀ ਸਤੁ ਵਟੁ॥*
*ਏਹੁ ਜਨੇਊ ਜੀਅ ਕਾ, ਹਈ ਤ ਪਾਡੇ ਘਤੁ॥*
*ਨਾ ਏਹੁ ਤੁਟੈ, ਨ ਮਲੁ ਲਗੈ, ਨਾ ਏਹੁ ਜਲੈ ਨ ਜਾਇ॥*
*ਧੰਨ ਸੁ ਮਾਣਸ ਨਾਨਕਾ, ਜੋ ਗਲਿ ਚਲੇ ਪਾਇ॥*
*ਅੰਗ – ੪੭੧*

ਸੱਚਾ ਸੌਦਾ, ਆਪਣੇ ਆਪ ਵਿੱਚ ਸ਼ਬਦਾਂ ਦੇ ਪੱਖ ਤੋਂ ਕਿਤਨਾ ਨਾਟਕੀ ਹੈ। ਲੋੜਵੰਦਾਂ, ਭੁਖਿਆਂ ਤੇ ਨੰਗਿਆਂ ਨੂੰ ਆਪਣੀ ਕਮਾਈ ਵਿਚੋਂ ਪਰਸ਼ਾਦਾ ਤੇ ਬਸਤਰ ਦੇਣ ਨੂੰ ਸੱਚਾ ਸੌਦਾ ਕਰਨਾ ਕਿਹਾ। ਲੋੜਵੰਦ ਦੀ ਲੋੜ ਨੂੰ ਯਥਾ-ਸ਼ਕਤਿ ਪੂਰਿਆਂ ਕਰਨਾ ਤੇ ਉਸ ਨੂੰ ਸੱਚਾ ਸੌਦਾ ਕਹਿਣਾ ਬੜੀ ਨਰੋਈ ਤੇ ਨਾਟਕੀ ਪਰੀਭਾਸ਼ਾ ਹੈ।

ਸੁਲਤਾਨਪੁਰ ਵਿਚ ਨਵਾਬ ਤੇ ਕਾਜ਼ੀ ਨਾਲ ਨਮਾਜ਼ ਪੜ੍ਹਨ ਜਾਣਾ ਤੇ ਉਹਨਾਂ ਨਾਲ ਨਮਾਜ਼ ਨਾ ਪੜ੍ਹਨ ਤੇ ਦੱਸਣਾ ਕਿ ਇਕ ਅਰਬ ਵਿੱਚ ਘੋੜੇ ਖਰੀਦ ਰਿਹਾ ਸੀ, ਜਦੋਂ ਕਿ ਦੂਜਾ ਘਰ ਵਿੱਚ ਸੂਈ ਘੋੜੀ ਦੇ ਫ਼ਿਕਰ ਵਿਚ ਸੀ, ਆਪਣੇ ਆਪ 'ਚ ਇੱਕ ਤਕੜਾ ਵਿਅੰਗ ਹੈ, ਉਹਨਾਂ ਲੋਕਾਂ ਤੇ, ਜੋ ਵਿਖਾਵੇ ਦੀ ਪੂਜਾ ਤੇ ਭਗਤੀ ਕਰਦੇ ਹਨ। ਕਿਤਨੇ ਨਾਟਕੀ ਢੰਗ ਨਾਲ ਆਪ ਨੇ ਵਿਖਾਵੇ ਦਾ ਖੰਡਨ ਕੀਤਾ ਹੈ ਤੇ ਮਨ-ਚਿੱਤ-ਬਿਰਤੀ ਇਕਾਗਰ ਕਰਕੇ ਭਗਤੀ ਕਰਨ ਦਾ ਢੰਗ ਦੱਸਿਆ। ਇਹ ਸੀ ਪ੍ਰਚਾਰ-ਢੰਗ ਗੁਰੂ ਨਾਨਕ ਸਾਹਿਬ ਦਾ।

'ਨਾਨਕ-ਲਾਲੋ-ਭਾਗੋ' ਝਾਕੀ ਕਿਵੇਂ ਪੁੰਨ ਦੀ ਕਮਾਈ ਤੇ ਪਾਪ ਦੀ ਕਮਾਈ, ਸੱਚੀ ਕਿਰਤ ਤੇ ਝੂਠੀ ਕਿਰਤ ਦਾ ਅੰਤਰ ਦਰਸਾਉਂਦੀ ਹੈ ਤੇ ਫੇਰ ਸੁੱਚੀ ਕਿਰਤ ਦੀ ਵਡਿਆਈ ਪੇਸ਼ ਕਰਦੀ ਹੈ, ਕਿਵੇਂ ਦੂਸਰਿਆਂ ਦੀ ਕੀਤੀ ਕਮਾਈ ਨੂੰ ਆਪਣੇ ਸੁਆਰਥ ਲਈ ਨਿੱਜੀ ਵਰਤੋਂ ਵਿੱਚ ਲਿਆਉਣਾ 'ਲਹੂ' ਦੱਸਿਆ ਤੇ ਸਿੱਖ ਧਰਮ ਦੇ ਮੁਢਲੇ ਅਸੂਲਾਂ ਕਿਰਤ ਕਰਨੀ, ਵੰਡ ਛਕਣਾ ਤੇ ਨਾਮ ਜਪਣਾ ਦਾ ਪ੍ਰਤੀਕ ਭਾਈ ਲਾਲੋ ਨੂੰ ਪੇਸ਼ ਕੀਤਾ। ਇਸ ਢੰਗ ਨੇ ਆਮ ਲੋਕਾਂ ਨੂੰ ਗੁਰੂ ਜੀ ਦੀ ਸਿਖਸ਼ਾ ਵੱਲ ਆਪਣੇ ਆਪ ਪ੍ਰੇਰਤ ਕੀਤਾ।

ਬਾਹਰਲੀ ਪੋਚਾ ਪਾਚੀ ਤੇ ਅੰਦਰਲੀ ਕਰੂਪਤਾ ਦਾ ਖੰਡਨ ਕਰਨ ਲਈ ਆਪ ਤੁਲੰਬੇ' ਜਾ ਪੁੱਜੇ ਤੇ ਸੱਜਣ ਠੱਗ ਦੀ ਕਾਂਇਆਂ ਕਲਪ ਕੀਤੀ ਪਰ ਕਿੰਨੇ ਸੁਹਣੇ ਢੰਗ ਨਾਲ। ਇਹ ਸਭ ਵਡਿਆਈਆਂ ਸੁਹਣੇ ਪ੍ਰੀਤਮ 'ਬਾਬਾ ਨਾਨਕ' ਦੇ ਹਿੱਸੇ ਹੀ ਆਈਆਂ ਸਨ। ਕਿਸੇ ਦੇ ਔਗੁਣ ਪ੍ਰਗਟ ਕਰ ਦੇਣੇ ਵਡਿਆਈ ਨਹੀਂ ਹੁੰਦੀ ਸਗੋਂ ਔਗੁਣਾਂ ਤੋਂ ਬਚਾ ਲੈਣਾ ਅਸਲ ਵਡਿਆਈ ਹੁੰਦੀ ਹੈ। ਜਗਤ-ਜਲੰਦੇ ਨੂੰ ਤਾਰਨਾ ਹੀ ਸਭ ਤੋਂ ਵੱਡਾ ਕਰਤੱਵ ਹੈ। ਕਿਤਨੇ ਨਾਟਕੀ ਢੰਗ ਨਾਲ 'ਸੱਜਣ' ਸ਼ਬਦ ਦੀ ਪਰੀਭਾਸ਼ਾ ਕੀਤੀ ਹੈ, ਪਰਉਪਕਾਰੀ ਸਤਿਗੁਰੂ ਨੇ-

*ਉਜਲੁ ਕੈਹਾ ਚਿਲਕਣਾ, ਘੋਟਿਮ ਕਾਲੜੀ ਮਸੁ॥*
*ਧੋਤਿਆ ਜੂਠਿ ਨ ਉਤਰੈ, ਜੇ ਸਉ ਧੋਵਾ ਤਿਸੁ॥੧॥*
*ਸਜਣ ਸੇਈ ਨਾਲਿ ਮੈ, ਚਲਦਿਆ ਨਾਲਿ ਚਲੰਨ੍ਹਿ॥*
*ਜਿਥੈ ਲੇਖਾ ਮੰਗੀਐ, ਤਿਥੈ ਖੜੇ ਦਿਸੰਨਿ॥ ਅੰਗ - ੭੨੯*

ਹਰਿਦੁਆਰ ਗੰਗਾ ਵਿੱਚ ਖਲੋ ਕੇ, ਕਰਤਾਰਪੁਰ ਵੱਲ ਪਾਣੀ ਸੁੱਟਣਾ, ਲੋਕਾਂ ਨੂੰ ਇਹ ਦੱਸਣ ਦਾ ਯਤਨ ਸੀ ਕਿ ਕਰੋੜਾਂ ਮੀਲਾਂ ਤੇ ਵੱਸਦੇ ਤੁਹਾਡੇ ਅਖੌਤੀ ਪਿੱਤਰਾਂ ਨੂੰ ਇਹ ਪਾਣੀ ਨਹੀਂ ਪੁੱਜ ਸਕਦਾ। ਗੁਰੂ ਸਾਹਿਬ ਜੇ ਗੱਲੀਂ ਬਾਤੀਂ ਇਹ ਸੋਝੀ ਦੇਣ ਦੀ ਕੋਸ਼ਿਸ਼ ਕਰਦੇ ਤਾਂ ਸ਼ਾਇਦ ਲੋਕਾਂ ਨੂੰ ਇਸ ਗਲਤੀ ਦਾ ਅਹਿਸਾਸ ਨਾ ਹੁੰਦਾ, ਪਰ ਆਪ ਦਾ ਉਲਟ ਪਾਸੇ ਪਾਣੀ ਸੁੱਟਣਾ, ਲੋਕਾਂ ਦਾ ਧਿਆਨ ਆਪਣੇ ਵੱਲ ਕਰਕੇ ਉਨ੍ਹਾਂ ਨੂੰ ਆਪਣਾ ਨੁਕਤਾ ਸਮਝਾਉਣਾ, ਇਕ ਅਨੋਖਾ ਤੇ ਨਾਟਕੀ ਢੰਗ ਸੀ। ਇਹੋ ਨਾਟਕੀ ਢੰਗ ਹੀ ਆਪ ਦੇ ਪ੍ਰਚਾਰ ਦਾ ਕੇਂਦਰ ਬਿੰਦੂ ਸੀ।

ਗੋਰਖ-ਮਤੇ ਦੇ ਜੋਗੀਆਂ ਨੂੰ ਅਸਲੀ ਜੋਗੀ ਦੇ ਲੱਛਣ ਦਸਦਿਆਂ ਚਿਤਾਵਨੀ ਦਿੱਤੀ ਕਿ ਜੋਗ ਨਿਰਾ ਭੇਖ ਧਾਰਿਆਂ ਹੀ ਨਹੀਂ ਹੁੰਦਾ, ਸਗੋਂ ਕੰਵਲ ਵਾਂਗ ਪਾਣੀ ਵਿੱਚ ਰਹਿੰਦਿਆਂ ਹੋਇਆਂ ਵੀ ਪਾਣੀ 'ਚ ਅਲੇਪ ਰਹਿ ਕੇ, ਮਨੁੱਖ ਨੂੰ ਸੰਸਾਰ ਵਿੱਚ ਵਿਚਰਨਾ ਚਾਹੀਦਾ ਹੈ। ਇਉਂ ਮਾਇਆ ਦੇ ਮਾਰੂ-ਹੱਲਿਆਂ ਤੋਂ ਬਚਕੇ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਮੁਕਤੀ ਪ੍ਰਾਪਤ ਕਰਨ ਵਾਸਤੇ ਸੰਸਾਰ ਦਾ ਤਿਆਗ ਕਰਨ ਦੀ ਲੋੜ ਨਹੀਂ। ਸਗਲ ਸੰਸਾਰ ਨੂੰ ਇਕ ਦ੍ਰਿਸ਼ਟੀ ਰਾਹੀਂ ਵੇਖਿਆਂ ਭਾਵ ਸਮਸਰਿ ਜਾਣਿਆਂ ਹੀ ਅਸਲੀ ਜੋਗੀ ਹੋਇਆ ਜਾ ਸਕਦਾ ਹੈ -

*ਅੰਜਨ ਮਾਹਿ ਨਿਰੰਜਨਿ ਰਹੀਐ,*
*ਉਸ ਜੋਗ ਜੁਗਤਿ ਇਵ ਪਾਈਐ॥੧॥*
*ਗਲੀ ਜੋਗੁ ਨ ਹੋਈ॥*
*ਏਕ ਦ੍ਰਿਸਟਿ ਕਰਿ ਸਮਸਰਿ ਜਾਣੈ॥*
*ਜੋਗੀ ਕਹੀਐ ਸੋਈ॥ਰਹਾਉ॥ ਅੰਗ - ੭੩੦*

ਬੁੱਧ ਮੰਦਰ ਵਿੱਚ ਗਿਆਂ ਆਪ ਨੂੰ ਆਪ ਦਾ ਧਰਮ ਪੁੱਛਿਆ ਗਿਆ। ਇਹ ਵੀ ਕਿਹਾ ਗਿਆ ਕਿ ਜੇਕਰ ਹਿੰਦੂ ਹੋ ਤਾਂ ਤੀਰਥ-ਪਰਸਣ ਤੋਂ ਪਹਿਲਾਂ ਪਿੰਡ ਭਰਾਉ ਪਰ ਗੁਰੂ ਸਾਹਿਬ ਨੇ ਐਸੀਆਂ ਰਸਮਾਂ ਦਾ ਖੰਡਨ ਕਰਦਿਆਂ ਹੋਇਆਂ, ਜੋ ਉੱਤਰ ਪਾਂਡਿਆਂ ਨੂੰ ਦਿੱਤਾ ਉਹ ਆਪ ਦੀ ਸਿੱਖਿਆ ਤੇ ਪ੍ਰਚਾਰ ਦਾ ਨਿਚੋੜ ਹੈ। ਆਪ ਨੇ 'ਸੱਚੇ ਨਾਵਣ' ਦਾ ਢੰਗ ਇਉਂ ਦਸਿਆ -

*ਪਿੰਡੁ ਪਤਲਿ ਮੇਰੀ ਕੇਸਉ,*
*ਕਿਰਿਆ ਸਚੁ ਨਾਮੁ ਕਰਤਾਰ॥*
*ਐਥੈ ਓਥੈ ਆਗੈ ਪਾਛੈ*
*ਏਹੁ ਮੇਰਾ ਆਧਾਰੁ॥੨॥*
*ਗੰਗ ਬਨਾਰਸਿ ਸਿਫਤਿ ਤੁਮਾਰੀ*
*ਨਾਵੈ ਆਤਮ ਰਾਉ॥*
*ਸਚਾ ਨਾਵਣੁ ਤਾਂ ਥੀਐ*

*ਜਾਂ ਅਹਿਨਿਸਿ ਲਾਗੈ ਭਾਉ॥੩॥ ਅੰਗ - ੩੫੮*

ਆਪਣੇ ਸਿੱਖਾਂ ਨੂੰ ਜਾਦੂ ਟੂਣਿਆਂ ਵਿੱਚ ਵਿਸ਼ਵਾਸ ਨਾ ਰਖਣਾ ਸਮਝਾਉਣ ਲਈ ਉਪਦੇਸ਼ ਦੇਣ ਲਈ, ਆਪ ਨੇ 'ਕਾਮਰੂਪ' ਦੀ ਧਰਤੀ ਚੁਣੀ ਤੇ ਮਰਦਾਨੇ ਨੂੰ 'ਨੂਰਸ਼ਾਹ' ਜਾਦੂਗਰਨੀ ਦੇ ਹਵਾਲੇ ਹੋਣ ਦਾ ਮੌਕਾ ਪੈਦਾ ਕਰ ਦਿੱਤਾ। ਜਦੋਂ ਸੂਰਤ ਦੀ ਸੁਹਣੀ ਤੇ ਮਨ ਦੀ ਖੋਟੀ, ਨੂਰਸ਼ਾਹ ਨਾਂ ਦੀ ਤੀਵੀਂ ਪਿੱਛੇ ਮਰਦਾਨਾ ਲੇਲੇ ਵਾਂਗ ਜਾ ਤੁਰਿਆ, ਤਾਂ ਬਾਬਾ ਨਾਨਕ ਜੀ ਨੇ ਪ੍ਰੀਤਮ ਰਿਝਾਉਣ ਦਾ ਢੰਗ ਦੱਸਿਆ, ਜੋ ਨੂਰਸ਼ਾਹ ਰਾਹੀਂ ਸਭ ਅਕਸੀਰ ਸਿੱਧ ਹੋਇਆ। ਫੁਰਮਾਨ ਹੈ -

*ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ॥*
*ਜੇ ਗੁਣਵੰਤੀ ਥੀ ਰਹੈ ਤਾ ਭੀ ਸਹੁ ਰਾਵਣ ਜਾਇ॥*
*ਮੇਰਾ ਕੰਤੁ ਰੀਸਾਲੂ ਕੀ ਧਨ ਅਵਰਾ ਰਾਵੇ ਜੀ॥*

ਜਗਨ ਨਾਥ ਪੁਰੀ ਵਿਖੇ ਜਾ ਕੇ ਪਾਂਡਿਆਂ ਨੂੰ ਸੁਝਾ ਦਿੱਤਾ ਕਿ ਬਨਾਵਟੀ ਆਰਤੀ ਪ੍ਰਭੂ ਨੂੰ ਰੀਝਾਉਣ ਦਾ ਸਾਧਨ ਹਰਗਿਜ਼ ਨਹੀਂ, ਸਗੋਂ ਪ੍ਰਕਿਤਕ ਆਰਤੀ ਹੀ ਉਸ ਭਵ-ਖੰਡਨ ਦੀ ਅਸਲੀ ਆਰਤੀ ਹੈ। ਤਥਾ -

*ਗਗਨ ਮੈ ਥਾਲੁ, ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥*
*ਧੂਪੁ ਮਲਆਨਲੋ, ਪਵਣ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥*
*ਕੈਸੀ ਆਰਤੀ ਹੋਇ॥ ਭਵਖੰਡਨਾ ਤੇਰੀ ਆਰਤੀ॥*
*ਅਨਹਤਾ ਸਬਦ ਵਾਜੰਤ ਭੇਰੀ॥ ਅੰਗ - ੧੩*

ਗੁਰੂ ਨਾਨਕ ਸਾਹਿਬ ਦਾ ਮਨੁਖੱਤਾ ਪ੍ਰਤੀ ਦਰਦ ਉਦੋਂ ਸਿਖਰਾਂ ਉਤੇ ਪੁਜਿਆ ਨਜ਼ਰ ਆਉਂਦਾ ਹੈ, ਜਦੋਂ ਆਪ ਦੀਪਾਲਪੁਰ ਦੇ ਕੋਹੜੀ ਦੀ ਝੁੱਗੀ ਵਿੱਚ, ਜਾਣ-ਬੁੱਝ ਕੇ ਰਾਤ ਗੁਜਾਰਨ ਲਈ ਚਲੇ ਜਾਂਦੇ ਹਨ। ਲੋਕਾਂ ਨੂੰ ਹੈਰਾਨੀ ਹੋਈ ਕਿ ਕਿਸ ਤਰ੍ਹਾਂ ਗੁਰੂ ਜੀ ਉਸ ਕੋਹੜੀ ਪਾਸ ਰਾਤ ਬਿਤਾਉਣ ਲਈ ਚਲੇ ਗਏ, ਜਿਸ ਦੇ ਨੇੜੇ ਤਾਂ ਉਸ ਦੇ ਸੱਕੇ ਰਿਸ਼ਤੇਦਾਰ ਵੀ ਨਹੀਂ ਸਨ ਜਾਂਦੇ। ਪਰ ਗੁਰੂ ਜੀ ਨੇ ਤਾਂ ਇਹ ਦੱਸਣਾ ਸੀ ਕਿ ਸਰੀਰਕ ਰੋਗ ਦੇ ਕੋਹੜੀ ਨਾਲੋਂ ਉਹ ਵਡੇਰਾ ਰੋਗੀ ਹੈ, ਜਿਸ ਨੂੰ ਬਾਣੀ ਵਿਸਰ ਜਾਵੇ।

ਆਪ ਨੇ ਜੋ ਪ੍ਰੇਰਨਾ ਲੋਕਾਂ ਨੂੰ ਦਿੱਤੀ, ਉਹ ਹੈਰਾਨੀ ਜਨਕ ਝਾਕੀ ਪੇਸ਼ ਕਰਦੀ ਹੈ। ਆਪ ਦਾ ਕਥਨ ਹੈ -

*ਜੀਉ ਤਪਤੁ ਹੈ ਬਾਰੋ ਬਾਰ॥*
*ਤਪਿ ਤਪਿ ਖਪੈ ਬਹੁਤੁ ਬੇਕਾਰ॥*
*ਜੈ ਤਨਿ ਬਾਣੀ ਵਿਸਰਿ ਜਾਇ॥*
*ਜਿਉ ਪਕਾ ਰੋਗੀ ਵਿਲਲਾਇ॥੧॥ ਅੰਗ - ੬੬੧*

ਗੁਰੂ ਸਾਹਿਬ ਐਸੇ ਆਗੂ ਸਨ, ਜਿਨ੍ਹਾਂ ਅੰਦਰ ਇਤਨੀ ਦਲੇਰੀ, ਨਿਡਰਤਾ ਤੇ ਨਿਰਭੈਤਾ ਸੀ ਕਿ ਉਹ ਸਮਕਾਲੀ ਰਾਜਿਆਂ ਨੂੰ ਸ਼ੀਂਹ ਤੇ ਕਸਾਈ ਕਹਿਣ ਦੀ ਜੁਅੱਰਤ ਰੱਖਦੇ ਸਨ -

*ਰਾਜੇ ਸੀਹ ਮੁਕਦਮ ਕੁਤੇ॥ ਅੰਗ - ੧੨੮੮*

ਅਤੇ

*ਲਬੁ ਪਾਪੁ ਦੁਇ ਰਾਜਾ*
*ਮਹਤਾ ਕੂੜੁ ਹੋਆ ਸਿਕਦਾਰੁ॥*
*ਕਾਮੁ ਨੇਬੁ ਸਦਿ ਪੁਛੀਐ*
*ਬਹਿ ਬਹਿ ਕਰੇ ਬੀਚਾਰੁ॥ ਅੰਗ - ੪੬੮*

ਆਪ ਦੀ ਨਿਰਭੈਤਾ ਦਾ ਪ੍ਰਗਟਾਵਾ ਬਾਬਰਵਾਣੀ ਵਿੱਚ ਪ੍ਰਤੱਖ ਹੈ,ਜਿਥੇ ਆਪ ਨੇ ਬਾਬਰ ਦੀ ਫੌਜ ਨੂੰ ਪਾਪ ਕੀ ਜੰਞ" ਨਾਲ ਤੁਲਨਾ ਦੇਂਦਿਆਂ ਫੁਰਮਾਇਆ ਹੈ -

*ਕਾਜੀਆ ਬਾਮਣਾ ਕੀ ਗਲ ਥਕੀ*
*ਅਗਦੁ ਪੜੈ ਸੈਤਾਨੁ ਵੇ ਲਾਲੋ॥ ਅੰਗ - ੭੨੨*

ਬਾਬਰ ਦੇ ਹੱਲੇ ਦੇ ਸੰਬੰਧ 'ਚ ਆਪ ਨੇ ਖੂਨ ਦੇ ਸੋਹਿਲੇ ਗਾਏ ਤੇ ਦੇਸ਼-ਵਾਸੀਆਂ ਅੰਦਰ ਦੇਸ਼ ਪਿਆਰ ਦਾ ਜਜ਼ਬਾ ਉਜਾਗਰ ਕੀਤਾ ਤੇ ਵਿਅੰਗਮਈ ਢੰਗ ਨਾਲ ਆਪਣੇ ਪਿਆਰੇ ਪ੍ਰਭੂ ਨੂੰ ਵੀ ਪਿਆਰ-ਉਲਾਂਭਾ ਦੇਣ ਤੋਂ ਨਾਂ ਝਿਜਕੇ। ਆਪ ਨੇ ਕਿਹਾ -

*ਆਪੈ ਦੋਸੁ ਨ ਦੇਈ ਕਰਤਾ,*
*ਜਮੁ ਕਰਿ ਮੁਗਲੁ ਚੜਾਇਆ॥*
*ਏਤੀ ਮਾਰ ਪਈ ਕਰਲਾਣੇ,*
*ਤੈਂ ਕੀ ਦਰਦੁ ਨ ਆਇਆ॥ ਅੰਗ - ੩੬੦*

ਐਸਾ ਕੁਝ ਕਹਿਣ ਵਿੱਚ ਆਪ ਨੇ ਆਪਣੀ ਕੋਈ ਵਡਿਆਈ ਪਰਗਟ ਨਹੀਂ ਕੀਤੀ, ਸਗੋਂ ਕਿਹਾ -

*ਜੈਸੀ ਮੈ ਆਵੈ ਖਸਮ ਕੀ ਬਾਣੀ,*
*ਤੈਸੜਾ ਕਰੀ ਗਿਆਨੁ ਵੇ ਲਾਲੋ॥ ਅੰਗ - ੭੨੨*

ਸਿਆਲਕੋਟ ਵਿੱਚ ਨਿਮ੍ਰਤਾ ਦੇ ਪੁੰਜ ਬਾਬਾ ਨਾਨਕ ਜੀ ਨੇ ਬੜੇ ਨਾਟਕੀ ਢੰਗ ਨਾਲ ਹਮਜ਼ਾ ਗੌਂਸ ਦਾ ਹੰਕਾਰ ਤੋੜਿਆ ਤੇ ਮੀਆਂ ਮਿੱਠੇ ਦਾ ਕੈਂਬਰ ਦੂਰ ਕਰਕੇ ਉਸ ਨੂੰ ਸੁੱਮਤ ਬਖਸ਼ੀ ਅਤੇ ਅਜਮੇਰ 'ਚ ਮੁਆਈਨ-ਦੀਨ ਦੇ ਪਖੰਡ ਦਾ ਖੰਡਨ ਕੀਤਾ।

ਇਹ ਸਭ ਕੁਝ ਗੁਰੂ ਸਾਹਿਬ ਨੇ ਕੁਝ ਕੁ ਵਿਅਕਤੀਆਂ ਵਾਸਤੇ ਨਹੀਂ ਸੀ ਕੀਤਾ ਸਗੋਂ ਇਹ ਆਪ ਦਾ ਪ੍ਰਚਾਰ-ਢੰਗ ਸੀ, ਜਿਸ ਰਾਹੀਂ ਆਪ ਨੇ ਤੱਪਦੀ-ਸੜਦੀ ਲੋਕਾਈ ਨੂੰ ਸ਼ਾਂਤੀ ਪ੍ਰਾਪਤ ਕਰਨ ਦਾ ਢੰਗ ਦੱਸਿਆ।

ਪੁਸ਼ਕਰ ਰਾਜ ਵਿੱਚ ਜੈਨ ਧਰਮ ਦੇ ਸਾਧਾਂ (ਜੈਨੀਆਂ) ਨਾਲ ਆਪ ਦਾ ਮੇਲ ਹੋਇਆ ਤਾਂ ਆਪ ਨੇ ਉਹਨਾਂ ਦੀ

ਰਹਿਣੀ-ਬਹਿਣੀ ਦੀ ਕਰੜੀ ਆਲੋਚਨਾ ਕਰਦਿਆਂ ਹੋਇਆ ਕਿਹਾ -

*ਨਾ ਓਇ ਜੋਗੀ ਨਾ ਓਇ ਜੰਗਮ*
*ਨਾ ਓਇ ਕਾਜੀ ਮੁੰਲਾ॥*
*ਦਯਿ ਵਿਗੋਏ ਫਿਰਹਿ ਵਿਗੁਤੇ,*
*ਫਿਟਾ ਵਤੈ ਗਲਾ॥*
*ਦਾਨਹੁ ਤੇ ਇਸਨਾਨਹੁ ਵੰਜੇ,*
*ਭਸੁ ਪਈ ਸਿਰਿ ਖੁਥੈ॥*
*ਨਾਨਕ ਸਿਰਖੁਥੇ ਸੈਤਾਨੀ*
*ਏਨਾ ਗਲ ਨ ਭਾਣੀ॥* *ਅੰਗ - ੧੪੯*

ਇਸ ਦਾ ਇਹ ਭਾਵ ਨਹੀਂ ਕਿ ਇਹ ਕੇਵਲ ਜੈਨੀਆਂ, ਸਰੇਵੜਿਆਂ ਤੇ ਹੋਰ ਭੇਖ-ਧਾਰੀਆਂ ਵਾਸਤੇ ਹੀ ਹੈ, ਸਗੋਂ ਇਸ ਦੁਆਰਾ ਆਪ ਨੇ ਆਪਣੇ ਨਾਮ-ਲੇਵਾ ਲੋਕਾਂ ਨੂੰ ਵੀ ਸੁਚੇਤ ਕੀਤਾ ਹੈ ਕਿ ਕੋਈ ਵੀ ਵਿਖਾਵਾ ਤੇ ਪਾਖੰਡ ਮਨੁੱਖ ਨੂੰ ਰੱਬੀ-ਦਰ ਦੇ ਨੇੜੇ ਜਾਣ ਤੋਂ ਰੋਕਦਾ ਹੈ, ਬਾਧਕ ਬਣਦਾ ਹੈ। ਆਪ ਜੀ ਦੇ ਪ੍ਰਚਾਰ ਦਾ ਇਹ ਵਿਸ਼ੇਸ਼ ਢੰਗ ਸੀ ਕਿ ਕਿਸੇ ਵਿਅਕਤੀ, ਕਿਸੇ ਸੰਪ੍ਰਦਾਇ, ਕਿਸੇ ਕੌਮ, ਕਿਸੇ ਧਰਮ ਦੇ ਕਿਸੇ ਵਿਅਕਤੀ ਦੁਆਰਾ ਸਮੁੱਚੀ ਮਨੁੱਖਤਾ, ਸਮੁੱਚੇ ਸਮਾਜ, ਸਮੁੱਚੇ ਦੇਸ਼ ਤੇ ਸਮੁੱਚੇ ਸੰਸਾਰ ਲਈ ਕਲਿਆਣਕਾਰੀ ਗਾਡੀ-ਰਾਹ ਦਰਸਾਉਣਾ। ਆਪ ਜੀ ਦਾ ਕਥਨ ਹੈ -

*ਗਿਆਨੁ ਨ ਗਲੀਈ ਢੂਢੀਐ,*
*ਕਥਨਾ ਕਰੜਾ ਸਾਰੁ॥*
*ਕਰਮਿ ਮਿਲੈ ਤਾ ਪਾਈਐ*
*ਹੋਰ ਹਿਕਮਤਿ ਹੁਕਮੁ ਖੁਆਰੁ॥੨॥ ਅੰਗ - ੪੬੫*

ਗੁਰੂ ਸਾਹਿਬ ਦੇ ਸਾਹਮਣੇ ਮਨੋਰਥ ਮਨੁੱਖ-ਮਾਤਰ ਨੂੰ ਨਿਰੰਕਾਰ ਦਾ ਸੰਦੇਸ਼ ਦੇਣਾ ਸੀ। ਇਸੇ ਮਨੋਰਥ ਦੀ ਪੂਰਤੀ ਲਈ ਜਦੋਂ ਆਪ ਮੱਕੇ ਗਏ ਤਾਂ ਕਾਜੀ ਰੁਕਨਦੀਨ ਨੇ ਆਪ ਨੂੰ ਪੁਛਿਆ, 'ਹਿੰਦੂ ਵੱਡਾ ਹੈ ਕਿ ਮੁਸਲਮਾਨ?' ਆਪ ਦਾ ਉੱਤਰ ਸੀ 'ਜਿਹੜਾ ਲੋਕ ਸੋ ਵੱਡਾ'। ਦੂਸਰਾ ਪ੍ਰਸ਼ਨ ਸੀ 'ਤੁਸੀਂ ਕੌਣ ਹੋ।' ਆਪ ਦਾ ਉੱਤਰ ਸੀ 'ਪੰਜ ਤੱਤ ਕਾ ਪੁਤਲਾ ਨਾਨਕ ਮੇਰਾ ਨਾਮ।' ਉੱਥੇ ਆਪ ਨੇ ਬੜੇ ਹੀ ਨਾਟਕੀ ਢੰਗ ਨਾਲ ਲੋਕਾਂ ਨੂੰ ਇਹ ਸੁਝਾ ਦਿੱਤਾ ਰੱਬ ਕਿਸੇ ਇੱਕ ਨੁਕਰੇ, ਖੂੰਜੇ ਜਾਂ ਇਕ ਦਿਸ਼ਾ ਵਿੱਚ ਹੀ ਨਹੀਂ, ਸਗੋਂ ਉਹ ਤਾਂ ਕਣ ਕਣ ਅੰਦਰ ਰਮਿਆ ਹੋਇਆ ਹੈ।

ਬਗਦਾਦ ਵਿੱਚ ਗੁਰੂ ਨਾਨਕ ਸਾਹਿਬ ਦੀ ਪੀਰ ਦਸਤਗੀਰ ਨਾਲ ਗੋਸ਼ਟਿ ਹੋਈ। ਜਿਸ ਵਿਗਿਆਨਕ ਸੱਚਾਈ ਨੂੰ ਮਹਾਨ ਵਿਗਿਆਨੀਆਂ ਨੇ ਲੋਕਾਂ ਦੇ ਸਾਹਮਣੇ ਅੱਜ ਲਿਆਂਦਾ ਹੈ, ਉਸ ਨੂੰ 'ਆਦਿਗੁਰੂ' ਨੇ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਸਾਬਤ ਕਰ ਦਿੱਤਾ ਸੀ। ਚੌਦਾਂ ਤਬਕ ਮੰਨਣ ਵਾਲਿਆਂ ਦਾ ਨਿਰਣਾ ਕਰਾਉਣ ਲਈ ਪੀਰ ਦੇ ਲੜਕੇ ਨੂੰ ਨਾਲ ਲੈ ਕੇ -

*ਭਰਿ ਕਚਕੌਲ ਪ੍ਰਸਾਦਿ ਦਾ,*
*ਧੁਰੋ ਪਤਾਲੋ ਲਈ ਕੜਾਹੀ॥*
*ਜ਼ਾਹਰ ਕਲਾ ਨਾ ਛਪੈ ਛਪਾਈ॥੩੬॥*
*ਵਾਰ ਭਾਈ ਗੁਰਦਾਸ ੧/੩੬*

ਆਪ ਨੇ ਸਭ ਦਾ ਭਰਮ ਦੂਰ ਕਰਕੇ 'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥' (ਅੰਗ - ੫) ਦਾ ਸਿਧਾਂਤ ਇੰਨੇ ਸੌਖੇ ਤੇ ਸਰਲ ਢੰਗ ਨਾਲ ਸਮਝਾਇਆ ਕਿ ਸੰਸਾਰ ਚਕਤ ਰਹਿ ਗਿਆ। ਇਤਨੀ ਸਹਿਨਸ਼ੀਲਤਾ, ਨਿਮਰਤਾ, ਸੰਜੀਦਗੀ ਤੇ ਟਿਕਾਉ ਸ਼ਾਇਦ ਹੀ ਸੰਸਾਰ ਦੇ ਕਿਸੇ ਮਹਾਂਪੁਰਸ਼ ਦੇ ਹਿੱਸੇ ਆਇਆ ਹੋਵੇ, ਜਿੰਨਾ ਗੁਰੂ ਨਾਨਕ ਸਾਹਿਬ ਦੇ। ਇਸ ਦਾ ਸਬੂਤ ਵਲੀ ਕੰਧਾਰੀ ਦੇ ਕਰਮ ਤੇ ਗੁਰੂ ਸਾਹਿਬ ਦੇ ਪ੍ਰਤੀ ਕਰਮ ਤੋਂ ਸਹਿਜੇ ਹੀ ਮਿਲ ਜਾਂਦਾ ਹੈ। ਇਸ ਤੋਂ ਆਪ ਦੇ ਨਿਮਰ-ਸੁਭਾਅ ਦਾ ਪਤਾ ਤਾਂ ਲੱਗਦਾ ਹੀ ਹੈ ਪਰ ਅਸਲੀ ਗੱਲ ਹੈ, ਆਪ ਦਾ ਲੋਕਾਈ ਨੂੰ ਇਹ ਪੈਗਾਮ ਦੇਣਾ। ਜੇਕਰ ਅੱਜ ਮਨੁੱਖਤਾ ਗੁਰੂ ਸਾਹਿਬ ਦੇ ਸੰਦੇਸ਼ ਨੂੰ ਸਮਝ ਲਵੇ, ਅਪਨਾ ਲਵੇ, ਇਸ ਉੱਤੇ ਅਮਲ ਕਰ ਲਵੇ ਤਾਂ ਸੰਸਾਰ ਤੋਂ ਜੰਗ ਦਾ ਖਾਤਮਾ ਹੋ ਜਾਵੇ, ਅਮਨ ਦਾ ਰਾਜ ਹੋਵੇ, ਮਨੁੱਖਤਾ, ਈਰਖਾ, ਸਾੜੇ ਤੇ ਉਤੇਜਨਾ ਤੋਂ ਬਚ ਜਾਵੇ। ਗੁਰੂ ਨਾਨਕ ਸਾਹਿਬ ਨੇ ਜੋ ਨਿਸ਼ਾਨਾ ਆਪਣੇ ਪ੍ਰਚਾਰ ਦੁਆਰਾ ਸਾਡੇ ਸਾਹਮਣੇ ਰੱਖਿਆ, ਅਸੀਂ ਉਸਨੂੰ ਭੁਲਾਕੇ ਆਪਣੀ ਮੱਤ ਨੂੰ ਵੱਡੀ ਸਮਝ ਲਿਆ। ਨਤੀਜਾ ਸਾਡੇ ਸਾਹਮਣੇ ਹੈ। ਭਰਾ ਭਰਾ ਦਾ ਵੈਰੀ ਹੈ, ਕੌਮ ਕੌਮ ਦੀ ਦੋਖੀ ਹੈ, ਦੇਸ਼ ਦੇਸ਼ ਦਾ ਸ਼ਤਰੂ ਹੈ।

ਗੁਰੂ ਨਾਨਕ ਸਾਹਿਬ ਨੇ ਛੂਤ-ਛਾਤ, ਉੱਚੀ ਜਾਤ ਦੇ ਅਭਿਮਾਨ ਦੇ ਵਿਰੁੱਧ ਪ੍ਰਚਾਰ ਕੀਤਾ। ਲੋਕਾਂ ਨੂੰ ਸਮਝਾਇਆ ਕਿ ਭਾਵਾਤਮਕ-ਏਕਤਾ, ਪਰਸਪਰ-ਬਰਾਬਰੀ ਕਾਇਮ ਕਰੋ। ਵਿਤਕਰਾ ਭਾਵ ਛੱਡੋ। ਧਰਮ ਦਾ ਦੰਭ ਤੇ ਪਾਖੰਡ ਨਾਲ ਕੋਈ ਸੰਬੰਧ ਨਹੀਂ। ਅੱਲਾ ਤੇ ਅਕਾਲ, ਰਾਮ ਤੇ ਰਹੀਮ ਇਕੋ ਹੀ ਮਹਾਨ ਹਸਤੀ ਦੇ ਨਾਮ ਹਨ। ਆਪ ਜੋ ਕਹਿੰਦੇ ਸਨ ਉਹ ਹੀ ਕਰਦੇ ਸਨ। ਆਪ ਦਾ ਉਪਦੇਸ਼ ਕਥਨੀ-ਕਰਨੀ ਦੋਹਾਂ ਤੇ ਪੂਰਾ ਉੱਤਰਦਾ ਹੈ।

ਅਚਲ ਵਟਾਲੇ ਵਿਖੇ ਸਿੱਧਾਂ ਨੇ ਗੁਰੂ ਜੀ ਨੂੰ ਆਪਣੇ ਭੇਖ ਵਿੱਚ ਲੈਣ ਵਾਸਤੇ ਕਰਾਮਾਤਾਂ ਵਿਖਾਈਆਂ। ਕੋਈ ਸ਼ੇਰ

***(ਬਾਕੀ ਪੰਨਾ 32 'ਤੇ)***

# ਗੁਰੂ ਨਾਨਕ ਦੇਵ ਜੀ ਦੀ ਮਹਿਮਾ

*[ਭਾਈ ਸੰਤਾ ਸਿੰਘ ਜੀ]*

ਜਗਤ ਜਲੰਦਾ ਤਾਰਨ ਆਇਆ, ਗੁਰ ਨਾਨਕ ਨਿਰੰਕਾਰੀ।
ਦੁੱਖੀ ਜਨਾਂ ਦੇ ਹਰ ਗਿਆ ਦੁੱਖੜੇ, ਜਨਤਾ ਦਾ ਹਿਤਕਾਰੀ।
ਉਸਦੇ ਦਰਸਾਏ ਮਾਰਗ ਤੇ, ਚੱਲਦਾ ਜੋ ਵੱਡਭਾਗਾ।
ਮਨ ਨਿਰਮਲ ਮੁੱਖ ਊਜਲ ਉਸਦਾ, ਮੈਲ ਲਗੇ ਨਾ ਦਾਗਾ।
ਉਸਦੇ ਦਰ ਤੇ ਪੂਰੀਆਂ ਹੋਵਣ, ਲੋੜਵੰਦਾਂ ਦੀਆਂ ਲੋੜਾਂ।
ਨਦਰ ਕਰੇ ਹੋਵਣ ਸੰਪੂਰਨ, ਜਨਮ ਜਨਮ ਦੀਆਂ ਥੋੜਾਂ।
ਉਸਦੀ ਬਾਣੀ ਨੂੰ ਜੀਵਨ ਦਾ, ਜੋ ਆਧਾਰ ਬਣਾਵੇ।
ਮੁੱਕ ਜਾਵੇ ਚੌਰਾਸੀ ਦਾ ਚੱਕਰ, ਅੰਤ ਪਰਮਗਤਿ ਪਾਵੇ।
ਉਸਦੇ ਦਰ ਤੋਂ ਝੁਕਦੇ ਦੇਖੇ, ਬਾਬਰ ਜਿਹੇ ਜਰਵਾਣੇ।
ਨਿਵ ਨਿਵ ਸਿਜਦੇ ਕਰਦੇ ਦੇਖੇ, ਪੰਡਤ ਅਤੇ ਮੁਲਾਣੇ।
ਉਸਦੀਆਂ ਨਜ਼ਰਾਂ ਵਿੱਚ ਹਿੰਦੂ ਸਿੱਖ, ਮੁਸਲਿਮ ਏਕ ਸਮਾਨੇ।
ਜਿਸਦੇ ਹਿਰਦੇ ਭਗਤਿ ਭਾਵਨਾ, ਉਹ ਰੰਗ ਉਸ ਦਾ ਮਾਣੇ।
ਉਸਨੂੰ ਨਹੀਂ ਰਿਝਾਉਂਦੀਆਂ ਫੋਕੀਆਂ, ਕਰਮਕਾਂਡ ਦੀਆਂ ਰੀਤਾਂ।
ਉਸ ਸਾਹਿਬ ਨੂੰ ਭਾਉਂਦੀਆਂ ਸੱਚੀਆਂ ਕਰਮ ਧਰਮ ਨਾਲ ਪ੍ਰੀਤਾਂ।
ਸੁੱਚੀ ਕਿਰਤ ਦੀ ਰੁੱਖੀ ਰੋਟੀ, ਲਾਲੋ ਦੀ ਮਨ ਭਾਵੇ।
ਜ਼ੋਰ ਜ਼ਹੀਰ ਦੇ ਅੰਨ ਦੇ ਪੂੜੇ, ਉਹ ਸਾਬਰ ਨਾ ਖਾਵੇ।
ਸੱਚੇ ਸੁੱਚੇ ਸੁਖਨ ਸੁਨਾਉਂਦਾ, ਹਰਦਾ ਭਰਮ ਭੁਲੇਖੇ।
ਡਾਕੂ ਠੱਗ ਕਰਾਹੀਆਂ ਤਾਰੇ, ਲੱਖਾਂ ਉਸਦੇ ਲੇਖੇ।
ਧੁਰ ਕੀ ਬਾਣੀ ਨਾਨਕ ਗਾਵੇ, ਛੇੜੇ ਸੁਰ ਮਰਦਾਨਾ।
ਨਸ਼ਾ ਨਾਮ ਦਾ ਐਸਾ ਚੜਦਾ, ਹੋਵੇ ਮੁਗਧ ਜ਼ਮਾਨਾ।
ਬੇਸਮਝਾਂ ਨੂੰ ਸੋਝੀ ਆਈ, ਸੁਣਕੇ ਬਚਨ ਅਮੋਲੇ।
ਮੇਰਾ ਮੇਰਾ ਭੁੱਲੀ ਰਸਨਾ, ਤੇਰਾ ਤੇਰਾ ਬੋਲੇ।
ਕਿਰਤ ਵਿਚ ਦਸਵੰਧ ਗੁਰੂ ਘਰ, ਦੇਣਾ ਬਚਨ ਸੁਣਾਇਆ।
ਮੂੰਹ ਮੁਹਤਾਜ ਦਾ ਗੁਰੂ ਕੀ ਗੋਲਕ, ਰੱਬੀ ਰਾਜ ਬਣਾਇਆ।
ਬਿਖੜੇ ਪੈਂਡੇ ਹਸ ਹਸ ਗਾਹੇ, ਪੁੜੇ ਪੈਰਾਂ ਵਿੱਚ ਕੰਡੇ।
ਦੁੱਖੜੇ ਝਾਗ ਕੇ ਆਪਣੇ ਤਨ ਤੇ, ਜਗ ਨੂੰ ਸੁੱਖੜੇ ਵੰਡੇ।
ਹਿੰਦੂ ਮੁਸਲਿਮ ਦੋਵੇਂ ਉਸਦੇ, ਸਨ ਨੈਣਾਂ ਤੇ ਤਾਰੇ।
ਸਗਲੇ ਜੀਅ ਪਰਾਨ ਉਸਨੂੰ, ਸਨ ਪ੍ਰਾਣਾਂ ਤੋਂ ਪਿਆਰੇ।
ਨੰਗਿਆ ਦੇ ਤਨ ਢੱਕਦਾ ਜਿਹੜਾ, ਭੁੱਖਿਆਂ ਦਾ ਢਿੱਡ ਭਰਦਾ।
ਦੀਨ ਦੁੱਖੀ ਮੁਹਤਾਜਾਂ ਦੇ ਤਨ ਮਨ ਤੇ ਦੁੱਖੜੇ ਹਰਦਾ।
ਡਿੱਗਿਆਂ ਦਾ ਜੋ ਬਣੇ ਸਹਾਰਾ, ਦੇਸ਼ ਕੌਮ ਲਈ ਮਰਦਾ।
ਉਹ ਹਿਤਕਾਰੀ ਪਰ ਉਪਕਾਰੀ, ਸੇਵਕ ਨਾਨਕ ਘਰ ਦਾ।
ਭੁੱਲੇ ਸਿੱਖ ਫੁਰਮਾਨ ਗੁਰਾਂ ਦਾ, ਕਰਨ ਕੂੜੀਆਂ ਕਾਰਾਂ।
ਤਜ ਏਕਾ ਦਲ ਬਣੇ ਅਨੇਕਾਂ, ਖਾਣ ਸਮੇਂ ਦੀਆਂ ਮਾਰਾਂ।

# ਨਿਰੰਕਾਰੀ ਸਰੂਪਾ ਗੁਰੂ ਨਾਨਕ ਨਿਰੰਕਾਰੀ

*(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)*

***ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥***
***ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥੧੩॥ ਅੰਗ - ੭੫੯***

ਗੁਰਵਾਕ ਅਨੁਸਾਰ ਕਲਾਧਾਰੀ ਗੁਰੂ ਨਾਨਕ ਸਾਹਿਬ, ਜਿਹਾ ਕਿ ਨਿਰੰਕਾਰੀ ਦੇਹ ਧਾਰਨ ਦੇ ਸਮੇਂ ਸ਼ਰਧਾਵਾਨ ਗੁਰਸਿੱਖਾਂ ਪ੍ਰਤੀ ਸਦਾ ਹੀ ਹਾਜ਼ਰ ਨਾਜ਼ਰ ਸਨ, ਓਸੇ ਪ੍ਰਕਾਰ ਹੀ ਹੁਣ ਭੀ ਗੁਰੂ ਨਾਨਕ ਸਾਹਿਬ ਸਦਾ ਹੀ ਦ੍ਰਿਸ਼ਮਾਨ ਹਨ। ਪ੍ਰੰਤੂ ਉਨ੍ਹਾਂ ਗੁਰਸਿੱਖਾਂ ਲਈ ਦ੍ਰਿਸ਼ਮਾਨ ਹਨ, ਜੋ ਨਾਨਕ ਨਿਰੰਕਾਰੀ ਉੱਤੇ ਪੁਰਾਤਨ ਸਿੰਘਾਂ ਵਾਲੀ ਸ਼ਰਧਾ-ਭਾਵਨੀ ਰੱਖਦੇ ਹਨ। ਭਾਈ ਗੁਰਦਾਸ ਜੀ ਦੇ ਮਹਾਂਵਾਕ ਅਨੁਸਾਰ-

***ਥੰਮੇ ਕੋਇ ਨ ਸਾਧ ਬਿਨੁ,***
***ਸਾਧੁ ਨ ਦਿਸੈ ਜਗ ਵਿਚਿ ਕੋਆ॥***
***(ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੨)***

ਕੇਵਲ ਗੁਰੂ ਨਾਨਕ ਸਾਹਿਬ ਸਾਰੇ ਜਗਤ ਨੂੰ ਉਧਾਰਨ ਉਭਾਰਨ ਦਾ ਥੰਮ ਹੋਏ ਹਨ। ਗੁਰੂ ਨਾਨਕ ਸਾਹਿਬ ਜੀ ਦੇ ਨਿਰੰਕਾਰੀ ਸਰੂਪ ਬਿਨਾਂ ਨਾ ਕੋਈ ਗੁਰੂ ਰੂਪ ਸਾਧ ਹੋਇਆ, ਨਾ ਹੋਵੇਗਾ। ਸਤਿਗੁਰੂ ਨਾਨਕ ਦੇਵ ਜੀ ਹੀ ਸੱਚੇ ਸਤਿਗੁਰੂ ਹੋਏ ਹਨ, ਜੋ ਧੁਰੋਂ, ਧੁਰ ਦਰਬਾਰੋਂ ਅਜ਼ਲੀ ਅਬਦੀ ਗੁਰੂ ਥਾਪੇ ਗਏ ਹਨ। ਸੱਚੇ ਸਤਿਗੁਰੂ ਦੀ ਪਦਵੀ ਕੇਵਲ ਗੁਰੂ ਨਾਨਕ ਨਿਰੰਕਾਰੀ ਜੀ ਨੂੰ ਹੀ ਪ੍ਰਾਪਤ ਹੈ।

***ਸਤਿਗੁਰ ਬਾਝਹੁ ਗੁਰੁ ਨਹੀ ਕੋਈ***
***ਨਿਗੁਰੇ ਕਾ ਹੈ ਨਾਉ ਬੁਰਾ॥੧੩॥ ਅੰਗ - ੪੩੫***

ਦੇ ਗੁਰਵਾਕ ਦੇ ਭਾਵ ਅਨੁਸਾਰ ਗੁਰੂ ਨਾਨਕ ਸੱਚੇ ਸਤਿਗੁਰ ਬਾਝੋਂ ਨਾ ਕੋਈ ਗੁਰੂ ਹੋਇਆ ਹੈ, ਨਾ ਕੋਈ ਹੋਵੇਗਾ। ਸਭ ਨਿਗੁਰੇ ਹੀ ਹਨ, ਐਵੇਂ ਆਪੋਂ ਹੀ ਗੁਰੂ ਬਣ ਬਣ ਬਹਿੰਦੇ ਹਨ। ਸੱਚੀ ਗੁਰੱਤਤਾ ਵਾਲੀ ਨਿਸ਼ਾਨੀ ਕਿਸੇ ਅੰਦਰ ਵੀ ਨਹੀਂ ਹੈ। ਭੂਤ ਭਵਿੱਖਤ ਦੇ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਇਸ ਮਹਾਂ ਵਾਕ ਅਨੁਸਾਰ-

***ਘਰਿ ਘਰਿ ਹੋਇ ਬੈਠ ਹੈ ਰਾਮਾ॥***
***ਤਿਨ ਤੇ ਸਰੇ ਨਾ ਕੋਊ ਕਾਮਾ॥੧੨॥***
***(ਦਸਮ ਗ੍ਰੰਥ, ਕਲਕੀ ਅਵਤਾਰ)***

ਜਦੋਂ ਗੁਰੂ ਦਸਮੇਸ਼ ਜੀ ਦੇ ਪ੍ਰਤੱਖ ਹੋਂਦਿਆਂ ਡਿੰਭੀ ਗੁਰੂਆਂ ਦੀਆਂ ਵੱਖੋ ਵੱਖ ਮੰਜੀਆਂ ਲੱਗ ਗਈਆਂ, ਤਾਂ ਗੁਰੂ ਸਾਹਿਬ ਨੇ ਸੋਚਿਆ ਕਿ ਕਾਲੇ ਬੋਲੇ ਆਵਣ ਵਾਲੇ ਕਲੀਕਾਲ ਸਮੇਂ ਅਜਿਹੇ ਡਿੰਭੀ ਗੁਰੂ, ਆਪਣੇ ਆਪ ਨੂੰ ਗੁਰੂ ਸਦਾਣ ਵਾਲੇ ਅਨੇਕਾਂ ਹੀ ਹੋ ਬੈਠਣਗੇ, ਪ੍ਰੰਤੂ ਤਿਨ੍ਹਾਂ ਤੋਂ ਸੱਚੀਂ ਗੁਰੱਤਤਾ ਵਾਲਾ ਕੋਈ ਕਾਜ ਸਰੇ ਸੰਵਰੇਗਾ ਨਹੀਂ। ਤਾਂ ਸਮਰੱਥ ਸਤਿਗੁਰੂ ਦਸਮੇਸ਼ ਜੀ ਨੇ ਹਮੇਸ਼ਾਂ ਲਈ ਇਹ ਧੁਰਵਾ ਬੰਨ੍ਹ ਦਿੱਤਾ ਕਿ 'ਆਦਿ ਅੰਤ ਏਕੋ ਅਵਤਾਰਾ।' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆਂ ਪੰਜਾਂ ਪਿਆਰਿਆਂ ਅੰਦਰ ਹੀ ਗੁਰੂ ਅਕਾਲ ਪੁਰਖ ਵਾਹਿਗੁਰੂ ਦੇ ਸਰੂਪ ਵਾਲੀ ਸੱਚੀ ਕਲਾ ਵਰਤੇਗੀ। ਏਸ ਗੱਲ ਨੂੰ ਹੀ ਜਾਂਚ ਕੇ ਸ੍ਰੀ ਗੁਰੂ ਕਲਗੀਧਰ ਜੀ ਨੇ ਦੇਹਧਾਰੀ ਗੁਰੂਆਂ ਵਾਲਾ ਸਿਲਸਿਲਾ ਹੀ ਖ਼ਤਮ ਕਰ ਦਿੱਤਾ। ਪੰਜਾਂ ਪਿਆਰਿਆਂ ਵਿਚੋਂ ਕੋਈ ਇਕੱਲਾ ਪਿਆਰਾ ਆਪਣੇ ਆਪ ਨੂੰ ਗੁਰੂ ਦੀ ਪਦਵੀ ਨਹੀਂ ਦੇ ਸਕਦਾ। ਪੰਜਾਂ ਪਿਆਰਿਆਂ ਦੀ ਸੰਮਿਲਤ ਸੱਚੀ ਪ੍ਰਮਾਰਥੀ ਕਲਾ ਕੌਸ਼ਲ ਅੰਦਰ ਹੀ ਸੱਚੜੀ ਗੁਰੱਤਤਾ ਵਾਲੀ ਸੱਚੀ ਕਲਾ ਵਰਤੇਗੀ ਅਤੇ ਅਜ਼ਲ ਅੱਬਦੀ ਤਾਈਂ ਵਰਤਦੀ ਰਵੇਗੀ। ਦਸਾਂ ਪਾਤਸ਼ਾਹੀਆਂ ਪਿਛੋਂ ਦੇਹਧਾਰੀ ਗੁਰੂਆਂ ਦੀ ਸਦਾਵਣ ਵਾਲੀ ਗੁਰੂ-ਡੰਮ੍ਹ ਸਮਾਪਤ ਹੋ ਗਈ। ਸਤਿਗੁਰੂ ਨਾਨਕ ਨਿਰੰਕਾਰੀ ਬਾਝੋਂ ਸਭ ਨਿਗੁਰੇ ਨਿਗੁਸਾਏ ਡਿੰਭੀ ਗੁਰੂ ਹਨ। ਸੱਚੇ ਸਤਿਗੁਰੂ ਦੀ ਪਹਿਲੀ ਸੱਚੀ ਨਿਸ਼ਾਨੀ ਇਹ ਹੈ ਕਿ ਉਹ ਧੁਰੋਂ, ਧੁਰ ਦਰਬਾਰੋਂ ਬਖਸ਼ੇ ਹੋਏ ਨਾਮ-ਸੰਪੰਨ ਹੋਣਗੇ। ਹੋਰ ਸਭ ਨਾਮ-ਹੀਣੇ ਮੀਣੇ ਡਿੰਭੀ ਗੁਰੂ ਹੀ ਹਨ, ਨਾਮ ਦੀ ਪ੍ਰਾਪਤੀ ਬਿਨਾਂ ਹੀ ਗੁਰੂ ਬਣ ਬਣ ਬਹਿੰਦੇ ਹਨ। ਇਹ ਨਾਮ, ਸੱਚੜਾ ਨਾਮ ਗੁਰੂ ਨਾਨਕ ਬਾਝੋਂ ਨਾ ਕਿਸੇ ਨੂੰ ਪ੍ਰਾਪਤ ਹੋਇਆ ਹੈ ਅਤੇ ਨਾ ਕਦੇ ਪ੍ਰਾਪਤ ਹੋਵੇਗਾ।

ਗੁਰੂ ਨਾਨਕ ਨਿਰੰਕਾਰੀ ਸਦਾ ਹੀ ਹਾਜ਼ਰ ਨਾਜ਼ਰ ਸ਼ਰਧਾ ਵਾਲੇ ਗੁਰਸਿੱਖਾਂ ਦੇ ਅੰਗ ਸੰਗ ਹਨ।ਮਤ ਜਾਣੋ ਕਿ ਨਿਰੰਕਾਰੀ ਦੇਹ ਧਾਰਨ ਸਮੇਂ ਹੀ ਗੁਰੂ ਨਾਨਕ ਸਾਹਿਬ ਗੁਰਸਿੱਖਾਂ ਨੂੰ ਦਰਸ ਦਿਖਾਵਣਹਾਰੇ ਸਨ । ਹੁਣ ਭੀ ਉਸੇ ਪ੍ਰਕਾਰ ਹੀ ਹਨ।ਕਿਤੇ ਗਏ ਨਹੀਂ ਹਰ ਥਾਂ ਸਰਬ ਵਿਆਪਕ ਹਨ। ਗੁਰੂ ਨਾਨਕ ਨਿਰੰਕਾਰੀ ਨੂੰ ਆਵਣ ਜਾਣ ਵਾਲੇ ਚੁਰਾਸੀ ਦੇ ਗੇੜ ਵਾਲੇ ਗੁਰੂ ਸਮਝਣਾ ਅਲਪੱਗ ਬੁੱਧੀ ਵਾਲੇ ਸਿੱਖਾਂ ਦਾ ਕੰਮ ਹੈ। ਸਰਬੱਗਤਾ ਦੀ ਪਹੁੰਚ ਨੂੰ ਪਹੁੰਚੇ ਹੋਏ ਗੁਰੂ ਦੇ ਬਖਸ਼ੇ ਹੋਏ ਲਾਲ ਹੁਣ ਭੀ ਹਰ ਦਮ ਗੁਰੂ ਨਾਨਕ ਨਿਰੰਕਾਰੀ ਨੂੰ ਨਿਕਟਵਰਤੀ ਤੇ ਸਰਬ-ਵਿਆਪੀ ਹੀ ਸਮਝਦੇ ਹਨ। ਤਿਨ੍ਹਾਂ ਬਖਸ਼ੇ ਹੋਏ ਗੁਰੂ ਕੇ ਲਾਲ ਗੁਰਸਿੱਖਾਂ ਨੂੰ ਹੁਣ ਭੀ ਗੁਰੂ ਨਾਨਕ ਨਿਰੰਕਾਰੀ ਓਸੇ ਪ੍ਰਕਾਰ ਹੀ ਦਰਸ਼ਨ-ਦੀਦਾਰ ਦਿਖਾਉਂਦੇ ਹਨ ਅਤੇ ਹਰ ਦਮ ਦਿਖਾਉਂਦੇ ਰਹਿੰਦੇ ਹਨ, ਜਿਸ ਪ੍ਰਕਾਰ ਕਿ ਅੱਗੇ ਭੀ ਦਿਖਾਉਂਦੇ ਰਹਿੰਦੇ ਸਨ। ਗੁਰੂ ਨਾਨਕ ਸਾਹਿਬ ਜੀ ਨਿਰੰਕਾਰ ਦਾ ਸਰੂਪ ਹੁੰਦੇ ਹੋਏ ਸਦਾ ਹੀ ਅਬਿਨਾਸ਼ੀ ਪੁਰਖ ਹਨ। ਉਹ ਆਵਣ ਜਾਣ ਅੰਦਰ ਹੈ ਹੀ ਨਹੀਂ।

ਸਚਾ ਸਾਧ ਗੁਰੂ, ਗੁਰੂ ਨਾਨਕ ਬਾਝੋਂ ਹੋਰ ਕੋਈ ਭੀ ਆਪਣੇ ਆਪ ਨੂੰ ਨਹੀਂ ਕਹਾ ਸਕਦਾ। ਇਹ ਸੱਚਾ ਮਰਤਬਾ ਸੱਚੀ ਗੁਰਮੱਤਾ ਵਾਲਾ ਕੇਵਲ ਗੁਰੂ ਨਾਨਕ ਨਿਰੰਕਾਰੀ ਨੂੰ ਹੀ ਧੁਰ ਦਰਗਾਹੋਂ ਅਰਪਨ ਹੋਇਆ ਹੈ। ਥਾਉਂ ਥਾਈਂ ਨਾਮ-ਹੀਣੇ ਮੀਣੇ ਗੁਰੂ ਜੋ ਬਣ ਬਣ ਬਹਿੰਦੇ ਹਨ, ਉਹ ਸੱਚੀ ਗੁਰੱਤਤਾ ਦੀ ਕਲਾ ਤੋਂ ਬਿਲਕੁਲ ਖਾਲੀ ਹਨ। ਗੁਰੂ ਨਾਨਕ ਨਿਰੰਕਾਰੀ ਸੱਚੇ ਧੁਰ ਦਰਬਾਰੀ ਗੁਰੂ ਹਨ। ਹੋਰ ਕੂੜਾਵੇ ਗੁਰੂ ਚਾਹੇ ਕਿਤਨੇ ਹੀ ਦੁਨਿਆਵੀ ਅਡੰਬਰ ਸਾਜੀ ਫਿਰਨ, ਗੁਰੂ ਨਾਨਕ ਸਾਹਿਬ ਦੀ ਸਦਰਸ਼ਤਾ ਨੂੰ ਪ੍ਰਾਪਤ ਨਹੀਂ ਹੋ ਸਕਦੇ। ਦੁਨਿਆਵੀਂ ਮਨੋਰਥਾਂ ਨੂੰ ਪੂਰਨ ਕਰਨਹਾਰੇ ਮਨੁੱਖ ਐਵੇਂ ਅਤੇ ਨਿਸਫਲ ਹੀ ਵਡ-ਅਡੰਬਰੀ ਇਨ੍ਹਾਂ ਆਪੂੰ ਬਣ ਬੈਠੇ ਡਿੰਭੀ ਗੁਰੂਆਂ ਨੂੰ ਗੁਰੂ ਮੰਨੀ ਬੈਠੇ ਹਨ, ਹਾਲਾਂਕਿ ਇਨ੍ਹਾਂ ਅੰਦਰ ਰੰਚਕ ਮਾਤਰ ਭੀ ਸੱਚੀ ਗੁਰੱਤਤਾ ਵਾਲੀ ਕਲਾ ਨਹੀਂ। ਅਜਿਹੇ ਅਡੰਬਰੀ, ਮੀਣੇ, ਨਾਮ ਹੀਣੇ ਡਿੰਭੀ ਗੁਰੂ ਅੰਤ ਨੂੰ ਪਛਤਾਵਣਗੇ ਅਤੇ ਮੂੰਹੋਂ ਮੂੰਹ ਚੋਟਾ ਖਾਣਗੇ। ਇਨ੍ਹਾਂ ਅੱਗੇ ਜਾ ਕੇ ਸੱਚੀ ਦਰਗਾਹੇ ਮੁਦਗਰਾਂ ਦੀ ਮਾਰ ਪਵੇਗੀ, ਫਿਰ ਇਹ ਬਿਲਲਾਵਣਗੇ ਤੇ ਚੀਖਣਗੇ, ਪਰ ਇਨ੍ਹਾਂ ਦੀ ਚੀਖ ਪੁਕਾਰ ਸੁਣਨ ਵਾਲਾ ਕੋਈ ਨਹੀਂ ਹੋਵੇਗਾ। ਜਿਨ੍ਹਾਂ ਪੁਰਸ਼ਾਂ ਉੱਤੇ ਇਹ ਲੋਗ ਡਿੰਭੀ ਗੁਰੂ ਬਣਨ ਦਾ ਡਿੰਭ ਧਾਰੀ ਫਿਰਦੇ ਹਨ, ਓਹੀ ਪੁਰਸ਼ ਪਲਟੇ ਵਜੋਂ ਇਨ੍ਹਾਂ ਨੂੰ ਮੁਦਗਰਾਂ ਦੀ ਮਾਰ ਮਾਰਨਗੇ। ਪ੍ਰੰਤੂ ਡਿੰਭੀ ਗੁਰੂ ਬਣਨ ਦਾ ਚਸਕਾ ਇਤਨਾ ਪ੍ਰਬਲ ਹੈ ਕਿ ਬਿਨਾਂ ਗੁਰੱਤਤਾ ਵਾਲੀ ਕਲਾ ਦੇ ਹੋਂਦਿਆਂ ਭੀ ਇਹ ਡਿੰਭੀ ਪੁਰਸ਼ ਗੁਰੂ ਨਾਨਕ ਸਾਹਿਬ ਦੀ ਹਮਸਰੀ ਕਰਦੇ ਹਨ। ਸਰਬ ਕਲਾ ਸਮਰੱਥ ਗੁਰੂ ਨਾਨਕ ਨਿਰੰਕਾਰੀ ਹੀ ਕੇਵਲ ਐਸਾ ਸਮਰੱਥ ਗੁਰੂ ਹੈ, ਜੋ ਜਹਾਂ ਤਹਾਂ ਹਰ ਸਮੇਂ ਹਰ ਜਗ੍ਹਾ ਜ਼ਹੂਰ ਪਜ਼ੀਰ ਹੈ ਅਤੇ ਆਪਣੇ ਉੱਪਰ ਸ਼ਰਧਾ ਰੱਖਣ ਕਰਨ ਵਾਲੇ ਗੁਰਸਿੱਖਾਂ ਦੀ ਹਰ ਥਾਂ ਰੱਖਿਆ ਕਰਦਾ ਹੈ ਅਤੇ ਹਰ ਪ੍ਰਕਾਰ ਦੀ ਆਪਦਾ ਤੋਂ ਛੁਡਾਇ ਲੈਂਦਾ ਹੈ। ਉਹ ਲੋਕ ਬੜੇ ਹੀ ਭੁਲੇਖੇ ਵਿੱਚ ਹਨ ਜੋ ਗੁਰੂ ਨਾਨਕ ਸਾਹਿਬ ਨੂੰ ਦੂਰ ਜਾਣਦੇ ਹਨ ਅਤੇ ਹਾਜ਼ਰ ਹਜ਼ੂਰ ਨਹੀਂ ਮੰਨਦੇ। ਉਹ ਸਮਝਦੇ ਹਨ ਕਿ ਡਿੰਭਤਾ ਵਾਲੀ ਦੇਹ ਧਾਰਨ ਵਿੱਚ ਹੀ ਫ਼ਰਜ਼ੀ ਗੁਰਮੱਤਾ ਹੈ। ਇਹ ਤਿਨ੍ਹਾਂ ਦੀ ਸਮਝ ਨਹੀਂ, ਕੁਸਮਝ ਹੈ, ਜਿਸ ਦਾ ਪਾਜ ਅੰਤ ਕਾਲ ਉਘੜ ਜਾਣਾ ਹੈ ਅਤੇ ਉਘੜ ਕੇ ਰਹੇਗਾ।

***ਇਕਾ ਬਾਣੀ ਇਕੁ ਗੁਰੁ***
***ਇਕੋ ਸਬਦੁ ਵੀਚਾਰਿ॥੨॥(੧੦) ਅੰਗ - ੬੪੮***

ਵਾਲੇ ਗੁਰਵਾਕ ਦੇ ਭਾਵ ਅਨੁਸਾਰ ਇਕ ਸਮੇਂ ਅੰਦਰਿ ਇਕੋ ਹੀ ਗੁਰੂ ਹੋ ਸਕਦਾ ਹੈ। ਉਹ ਵੀ ਓਹ ਗੁਰੂ, ਜਿਸਨੂੰ ਧੁਰ ਦਰਗਾਹੋਂ ਸ਼ਬਦ-ਵੀਚਾਰੀ ਦੇ ਅਭਿਆਸ ਦੀ ਸੱਚੀ ਦਾਤ ਮਿਲੀ ਹੋਵੇ। ਜਦੋਂ ਦੇਖੀਦਾ ਹੈ ਕਿ ਥਾਉਂ ਥਾਈਂ ਅਨੇਕਾਂ ਹੀ ਡਿੰਭੀ ਗੁਰੂਆਂ ਦੀ ਭਰਮਾਰ ਮੱਚੀ ਹੋਈ ਹੈ ਤਾਂ ਉਪਰਲੇ ਗੁਰਵਾਕ ਦੀ ਰੌਸ਼ਨੀ ਅੰਦਰ ਇਹ ਹੀ ਸੱਚੀ ਵੀਚਾਰ ਸਫਰਨ ਹੁੰਦੀ ਹੈ ਕਿ ਇਹ ਭਰਮਾਰ ਸਭ ਝੂਠੀ ਭਰਮਾਰ ਹੈ। ਗੁਰਬਾਣੀ ਅਨੁਸਾਰ ਸੱਚੀ ਗੁਰਮਤਿ ਇਹ ਦੱਸਦੀ ਹੈ ਕਿ ਇਕੋ ਗੁਰੂ, ਧੁਰੋਂ ਬਖ਼ਸ਼ਿਆ ਹੋਇਆ ਗੁਰੂ ਹੀ ਸੱਚਾ ਗੁਰੂ ਬਣ ਸਕਦਾ ਹੈ। ਇਹ ਸੱਚੇ ਗੁਰੂ ਦੀ ਇਲਾਹੀ ਦਾਤਿ ਸਦ ਸਦੀਵ ਲਈ ਗੁਰੂ ਨਾਨਕ ਨਿਰੰਕਾਰੀ ਨੂੰ ਹੀ ਧੁਰ ਦਰਗਾਹੋਂ ਨਸੀਬ ਹੋਈ। ਹੋਰ ਕਿਸੇ ਵੀ ਵਡ-ਅਡੰਬਰੀ ਡਿੰਭੀ ਨੂੰ ਨਹੀਂ ਹੋ ਸਕਦੀ। ਇੱਕ ਤੋਂ ਅਨੇਕ ਡਿੰਭੀ ਗੁਰੂ ਸਦਾਵਣ ਵਾਲੇ ਸਭ ਝੂਠੇ ਅਤੇ ਅਡੰਭਰੀ ਹੀ ਹਨ। ਇਨ੍ਹਾਂ ਅਨੇਕ ਅਡੰਬਰ-ਸਾਜ਼ੀ ਡਿੰਭੀਆਂ ਵਿਚੋਂ ਕਿਸ ਕਿਸ ਨੂੰ ਗੁਰੂ ਸਮਝਿਆ ਜਾਏ। ਕਈ ਤਾਂ ਅਜਿਹੇ ਅਡੰਬਰੀ ਭੀ ਹਨ, ਜੋ ਸਤਿਗੁਰੂ ਦੀ ਰੀਸੇ ਕਚੁ ਪਿਚ ਬੋਲ ਕੇ ਬਾਹਰਲੀ ਕੱਚੀ ਬਾਣੀ ਬਣਾਉਣ ਦਾ ਢਕੌਂਸਲਾ ਭੀ ਰਚਦੇ ਹਨ। ਪਰ ਏਸ ਗੁਰਵਾਕ ਅਨੁਸਾਰ ਉਨ੍ਹਾਂ ਦਾ ਢਕੌਂਸਲਾ ਸਿਰੇ ਨਹੀਂ ਚੜ੍ਹਦਾ-

***ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ***
***ਸੇ ਕੂੜਿਆਰ ਕੂੜੇ ਝੜਿ ਪੜੀਐ॥੯॥ ਅੰਗ - ੩੦੪***

# ਜਪੁ ਕਲ ਸੁਜਸੁ ਨਾਨਕ ਗੁਰ, ਸਹਜੁ ਜੋਗੁ ਜਿਨਿ ਮਾਣਿਓ

*[ਡਾ. ਕੁਲਦੀਪ ਸਿੰਘ ਹਉਰਾ]*

ਜਪੁ ਕਲ ਸੁਜਸੁ ਨਾਨਕ ਗੁਰ, ਗੁਰੂ ਨਾਨਕ ਸਾਹਿਬ ਮਹਾਨ ਮਾਨਵਵਾਦੀ ਸਨ। ਆਪ ਨੂੰ ਆਪਣੇ ਸਮੇਂ ਦੇ ਸਮਾਜ ਦੀ ਅਧੋਗਤੀ ਦੇ ਕਾਰਨਾਂ ਤੇ ਸਮਾਜਕ ਊਣਤਾਈਆਂ, ਰਾਜਨੀਤਕ ਤੇ ਆਰਥਿਕ ਅਨਿਆਂ ਅਤੇ ਅਧਿਆਤਮਕ-ਅਗਿਆਨਤਾ ਬਾਰੇ ਪੂਰਾ-ਪੂਰਾ ਗਿਆਨ ਸੀ। ਉਨ੍ਹਾਂ ਨੇ ਸਮਾਜ ਦਾ ਸਰਬ-ਪੱਖੀ ਸੁਧਾਰ ਕਰਨ ਦਾ ਬੀੜਾ ਉਠਾਇਆ। ਅਧਿਆਤਮਕ ਅਗਿਆਨਤਾ ਦੂਰ ਕਰਨ ਲਈ ਆਪ ਨਾਮ ਜਪਣ ਤੇ ਸ਼ੁਭ ਕਰਮ ਕਰਨ ਉੱਤੇ ਜ਼ੋਰ ਦਿਆ ਕਰਦੇ ਸਨ। ਸਮਾਜਕ ਅਨਿਆਂ ਦੂਰ ਕਰਨ ਵਾਸਤੇ ਗੁਰੂ ਸਾਹਿਬ ਨੇ ਜ਼ਾਤ, ਧਰਮ ਤੇ ਜਨਮ ਆਦਿ ਦੇ ਨਾਂ ਤੇ ਹੋ ਰਹੀ ਸਮਾਜਕ ਅਸਮਾਨਤਾ ਵਿਰੁੱਧ ਆਵਾਜ਼ ਉਠਾਈ। ਰਾਜਨੀਤਿਕ ਤੇ ਆਰਥਿਕ ਧੱਕੇ ਸ਼ਾਹੀ ਦੀ ਵੀ ਆਪ ਨੇ ਭਰਪੂਰ ਨਿਖੇਧੀ ਕੀਤੀ। ਆਰਥਿਕ ਲੁੱਟ-ਖਸੁੱਟ ਵਿਰੁੱਧ ਆਪ ਨੇ ਭਰਵੀਂ ਤੇ ਜ਼ੋਰਦਾਰ ਆਵਾਜ਼ ਵਿੱਚ ਆਖਿਆ -

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥*

ਗੁਰੂ ਸਾਹਿਬ ਨੇ ਨਰੋਏ ਸਮਾਜ ਦੀ ਉਸਾਰੀ ਕਰਨੀ ਚਾਹੀ, ਕਿਉਂਕਿ ਆਪ ਮਹਾਨ ਦੇਸ਼ ਭਗਤ ਤੇ ਸਮਾਜ ਸੁਧਾਰਕ ਸਨ। ਆਪ ਦੇ ਹਿਰਦੇ ਵਿੱਚ ਦੇਸ਼ ਭਗਤੀ ਦਾ ਜਜ਼ਬਾ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। ਦੇਸ਼ ਤੇ ਕੌਮ ਦੀ ਮੰਦੀ ਦਸ਼ਾ ਵੇਖ ਕੇ ਆਪ ਦੇ ਕੋਮਲ ਹਿਰਦੇ ਉੱਤੇ ਸੱਟ ਵੱਜੀ ਤੇ ਆਪ ਨੇ ਫੁਰਮਾਇਆ -

*ਰਤਨ ਵਿਗਾੜਿ ਵਿਗੋਏ ਕੁੱਤੀ*
*ਮੁਇਆ ਸਾਰ ਨਾ ਕਾਈ॥*

ਭਾਵ ਲੋਭੀ ਹਾਕਮਾਂ ਨੇ ਰਤਨਾਂ ਵਰਗੇ ਦੇਸ਼ (ਹਿੰਦੁਸਤਾਨ) ਨੂੰ ਘੱਟੇ ਕੌਡੀ ਰੁਲਾ ਦਿੱਤਾ ਹੈ। ਇਨ੍ਹਾਂ ਦੇ ਮਰਨ ਤੇ ਕੋਈ ਵੀ ਇਨ੍ਹਾਂ ਦੀ ਸਾਰ ਨਹੀਂ ਲਵੇਗਾ, ਕੋਈ ਬਾਤ ਨਹੀਂ ਪੁੱਛੇਗਾ। ਬਾਬਰ ਦੇ ਅਤਿਆਚਾਰਾਂ ਨੂੰ ਨਾ ਸਹਿਣ ਕਰਦੇ ਹੋਏ ਆਪ ਨੇ ਬਾਬਰ ਦੇ ਜ਼ੁਲਮਾਂ ਦੀ ਨਿਖੇਧੀ ਕਰਦਿਆਂ ਕਿਹਾ -

*ਆਪੇ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥*
*ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ॥*

ਹਉਮੈ ਤੇ ਹੰਕਾਰ ਆਪ ਜੀ ਦੇ ਨੇੜੇ ਨਹੀਂ ਸੀ ਢਕਿਆ। ਜਾਪਦਾ ਹੈ ਜਿਵੇਂ ਸੰਸਾਰ ਦੀ ਸਮੁੱਚੀ ਗਰੀਬੀ ਤੇ ਨਿਮਰਤਾ ਆਪ ਦੇ ਹੀ ਹਿੱਸੇ ਆਈ ਹੋਵੇ। ਆਪ ਜੀ ਦਾ ਕਥਨ ਹੈ ਕਿ ਸਾਰੀਆਂ ਨੇਕੀਆਂ ਦਾ ਨਿਚੋੜ ਮਿਠਾਸ ਤੇ ਨਿਮਰਤਾ 'ਚ ਹੈ -

*ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥*

ਉਹ ਆਪਣੇ ਆਪ ਨੂੰ 'ਹਮ ਆਦਮੀ ਹਾਂ ਇਕ ਦਮੀ' ਕਿਹਾ ਕਰਦੇ ਸਨ। ਆਪ ਨੇ ਆਪਣੇ ਬਾਰੇ 'ਹਉ ਪਾਪੀ ਪਤਿਤ ਪਰਮ ਪਾਖੰਡੀ' ਵੀ ਕਿਹਾ ਹੈ। ਆਪਣੇ ਆਪ ਨੂੰ ਉਹ 'ਸ਼ਾਇਰ' ਤੇ 'ਢਾਢੀ' ਆਖ ਕੇ ਖੁਸ਼ ਹੁੰਦੇ ਸਨ। ਆਪ ਬਹੁਤ ਘੱਟ ਬੋਲਦੇ ਸਨ, ਪਰ ਜੋ ਬੋਲਦੇ ਸਨ, ਉਸ ਦਾ ਅਸਰ ਬਹੁਤ ਹੁੰਦਾ ਸੀ। ਆਪ ਦਾ ਪ੍ਰਚਾਰ ਢੰਗ ਬੜਾ ਨਾਟਕੀ ਹੁੰਦਾ ਸੀ। ਆਪ ਬੜੇ ਨੇਤੀਵੇੱਤਾ ਸਨ। ਆਪ ਨੇ ਲੋਕਾਂ ਅੰਦਰ ਚੜ੍ਹਦੀ ਕਲਾ ਦਾ ਜਜ਼ਬਾ ਪੈਦਾ ਕੀਤਾ ਤੇ ਦੱਸਿਆ ਕਿ ਸੰਸਾਰ ਦੁੱਖਾਂ ਦਾ ਘਰ ਨਹੀਂ, ਸਗੋਂ ਅਸਲੀਅਤ ਹੈ ਤੇ ਈਸ਼ਵਰ ਦਾ ਪਸਾਰਾ ਹੈ। ਆਪ ਨੇ ਸਮਕਾਲੀ ਸਮਾਜ ਵਿਚੋਂ ਢਹਿੰਦੀਆਂ ਕਲਾ ਵਾਲੀ ਰੁਚੀ ਖਤਮ ਕਰਨ ਦਾ ਯਤਨ ਕੀਤਾ। ਅਜਿਹਾ ਕੁਝ ਕੋਈ ਮਹਾਨ ਨੇਤੀਵੇੱਤਾ ਹੀ ਕਰ ਸਕਦਾ ਹੈ। ਆਪ ਨੇ ਵਿਲਕਦੀ ਲੁਕਾਈ ਦੀਆਂ ਚੀਕਾਂ ਤੇ ਕਸੀਸਾਂ ਸੁਣੀਆਂ ਤੇ 'ਜਗਤ ਜਲੰਦੇ' ਦੇ ਕਲਿਆਣ ਲਈ ਘਰੋਂ ਨਿਕਲ ਪਏ। ਆਪ ਨੇ ਆਪਣੇ ਜੀਵਨ ਕਾਲ ਵਿੱਚ ਲੋਕਾਂ ਨੂੰ ਸਮਾਜਿਕ ਆਰਥਿਕ ਤੇ ਅਧਿਆਤਮਿਕ ਪੱਖਾਂ ਤੋਂ ਜਾਗਰੂਕ ਕਰਨ ਲਈ ਜੋ ਯਤਨ ਕੀਤੇ, ਉਨ੍ਹਾਂ ਦਾ ਨਤੀਜਾ ਤਾਂ ਡਾ: ਗੋਕਲ ਚੰਦ ਨਾਰੰਗ ਦੇ

ਕਹੇ ਅਨੁਸਾਰ ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤ ਸਮਾਉਣ ਸਮੇਂ ਲੋਕਾਂ ਦੀ ਹਾਲਤ ਪਹਿਲਾਂ ਨਾਲੋਂ ਬਿਹਤਰ ਸੀ। ਉਨ੍ਹਾਂ ਦੇ ਵਿਸ਼ਵਾਸ਼ ਪਵਿੱਤਰ ਹੋ ਚੁੱਕੇ ਸਨ, ਉਨ੍ਹਾਂ ਦੀ ਪੂਜਾ ਸ਼ੁੱਧ ਹੋ ਗਈ ਸੀ, ਜ਼ਾਤ-ਪਾਤ ਦੀ ਕੱਟੜਤਾ ਕਾਫ਼ੀ ਢਿੱਲੀ ਪੈ ਚੁੱਕੀ ਸੀ ਤੇ ਉਨ੍ਹਾਂ ਦੇ ਮਨ ਬਹੁਤ ਹੱਦ ਤੱਕ ਆਜ਼ਾਦ ਹੋ ਚੁੱਕੇ ਸਨ ਅਤੇ ਉਹ ਉੱਨਤੀ ਦੇ ਰਾਹ ਤੇ ਚੱਲਣ ਦੇ ਵਧੇਰੇ ਯੋਗ ਹੋ ਗਏ ਸਨ।

ਇਸੇ ਤਰ੍ਹਾਂ ਗਾਰਡਨ ਨੇ ਲਿਖਿਆ ਹੈ - 'ਗੁਰੂ ਨਾਨਕ (ਜੀ) ਨੇ ਜੋ ਧਰਮ ਸਥਾਪਤ ਕੀਤਾ ਉਹ ਰਾਸ਼ਟਰੀ ਧਰਮ' ਸੀ। ਜਿਸ ਆਦਰਸ਼ ਨੂੰ ਆਪ ਜੀ ਨੇ ਪਰਚਾਰਿਆ ਉਹ ਬਹੁਤ ਮਹਾਨ ਸੀ। ਆਪ ਨੇ ਆਪਣੇ ਅਨੁਯਾਈਆਂ ਨੂੰ ਕਈ ਬੁਰਿਆਈਆਂ ਤੋਂ ਮੁਕਤ ਕੀਤਾ। ਉਹ ਸ਼ਾਂਤੀ ਤੇ ਸਦਭਾਵਨਾ ਦੇ ਦੂਤ ਸਨ।

ਇਸੇ ਤਰ੍ਹਾਂ ਪ੍ਰੋ: ਸੀਤਾ ਰਾਮ ਕੋਹਲੀ ਨੇ ਵੀ ਲਿਖਿਆ ਹੈ -

'ਗੁਰੂ ਨਾਨਕ ਦੇਵ ਜੀ ਦਾ ਜੀਵਨ ਸਾਡੇ ਦੇਸ਼ ਦੇ ਇਤਿਹਾਸ ਵਿੱਚ ਇੱਕ ਉਚੇਰੀ ਵਿਸ਼ੇਸ਼ਤਾ ਰੱਖਦਾ ਹੈ। ਸੋਲ੍ਹਵੀਂ ਸਦੀ ਤੋਂ ਲੈ ਕੇ ਲਗਾਤਾਰ ਚਾਰ ਸੌ ਸਾਲਾਂ ਦੇ ਲੰਮੇ ਸਮੇਂ ਵਿੱਚ ਜਿਹੜੀਆਂ ਤਬਦੀਲੀਆਂ ਜਾਂ ਇਨਕਲਾਬ ਹੋਂਦ ਵਿੱਚ ਆਏ, ਉਨ੍ਹਾਂ ਸਾਰਿਆਂ ਵਿੱਚ ਹੀ ਗੁਰੂ ਨਾਨਕ ਜੀ ਦਾ ਹੱਥ ਕੰਮ ਕਰਦਾ ਦਿੱਸਦਾ ਹੈ। ਹਿੰਦੂ ਜਾਤੀ ਦੇ ਧਾਰਮਿਕ ਜਾਂ ਸਮਾਜਿਕ ਜੀਵਨ ਵਿੱਚ ਜੋ ਵਿਸ਼ੇਸ਼ ਪਰਿਵਰਤਨ ਗੁਰੂ ਸਾਹਿਬ ਨੇ ਲਿਆਂਦਾ, ਉਹ ਇਤਨਾ ਪ੍ਰਤੱਖ ਹੈ ਕਿ ਬਿਆਨ ਕਰਨ ਦੀ ਲੋੜ ਹੀ ਨਹੀਂ ਪੈਂਦੀ। ਪੰਜਾਬ ਬੱਚਾ ਬੱਚਾ ਇਸ ਤੋਂ ਜਾਣੂ ਹੈ।'

ਮਾਰਟਨ ਲੂਥਰ ਵੀ ਆਪਣੇ ਸਮੇਂ ਦਾ ਮਹਾਨ ਸੁਧਾਰਕ ਹੋਇਆ ਹੈ। ਪਰ ਗੁਰੂ ਨਾਨਕ ਸਾਹਿਬ ਤੇ ਮਾਰਟਨ ਲੂਥਰ ਦੇ ਵਿੱਚ ਬੜੀ ਭਿੰਨਤਾ ਹੈ। ਮਾਰਟਨ ਲੂਥਰ ਸਧਾਰਨ ਮਨੁੱਖ ਦੀ ਮਹੱਤਤਾ ਵਿੱਚ ਵਿਸ਼ਵਾਸ਼ ਨਹੀਂ ਰੱਖਦਾ ਪਰ ਗੁਰੂ ਨਾਨਕ ਸਾਹਿਬ ਜਨ-ਸਧਾਰਨ ਨੂੰ ਬਹੁਤ ਵਡਿਆਈ ਦੇਂਦੇ ਹਨ। ਮਾਰਟਨ ਲੂਥਰ ਨੇ ਪਰਜਾਤੰਤਰੀ ਰੁਚੀਆਂ ਨੂੰ ਨਹੀਂ ਉਭਾਰਿਆ ਤੇ ਨਾ ਹੀ ਉਸ ਨੇ ਚਰਚ-ਸੰਸਥਾ ਨੂੰ ਪਰਜਾਤੰਤਰੀ ਲੀਹਾਂ ਉੱਤੇ ਚਲਾਉਣ ਦਾ ਯਤਨ ਕੀਤਾ, ਜਦੋਂ ਕਿ ਗੁਰੂ ਨਾਨਕ ਸਾਹਿਬ ਨੇ ਮਨੁੱਖ ਨੂੰ ਸਮਾਜ ਦਾ ਮਹੱਤਵਪੂਰਨ ਅੰਗ ਮੰਨਿਆ ਤੇ ਪਰਜਾਤੰਤਰੀ ਲੀਹਾਂ 'ਤੇ ਸੰਗਤ ਤੇ ਪੰਗਤ ਦੀਆਂ ਸੰਸਥਾਵਾਂ ਨੂੰ ਚਲਾਇਆ। ਇਸ ਪੱਖੋਂ ਗੁਰੂ ਸਾਹਿਬ ਮਾਰਟਨ ਲੂਥਰ ਨਾਲੋਂ ਬਹੁਤ ਮਹਾਨ ਸਨ। ਆਤਮਕ ਤੌਰ ਤੇ ਤਾਂ ਮਾਰਟਨ ਲੂਥਰ ਬਿਲਕੁੱਲ ਕੋਰਾ ਹੈ ਹੀ ਸੀ। ਗੁਰੂ ਨਾਨਕ ਸਾਹਿਬ, ਰਾਮਾਨੰਦ, ਕਬੀਰ ਤੇ ਚੈਤੰਨਯ ਇਕ ਹੀ ਟੱਬਰ ਦੇ ਜੀਅ ਸਨ ਤੇ ਉਨ੍ਹਾਂ ਦੇ ਵਿਚਾਰ ਆਪਸ ਵਿੱਚ ਮਿਲਦੇ-ਜੁਲਦੇ ਸਨ। ਇਹਨਾਂ ਸਾਰਿਆਂ ਨੇ ਪਿਆਰ, ਸਹਿਜ ਤੇ ਨਾਮ ਸਭ ਦੁੱਖਾਂ ਦਾ ਦਾਰੂ ਦੱਸਿਆ ਹੈ। ਗੁਰੂ ਨਾਨਕ ਸਾਹਿਬ ਨੇ ਜਿਸ ਮੱਤ ਦਾ ਪ੍ਰਚਾਰ ਕੀਤਾ, ਉਹ ਉਨ੍ਹਾਂ ਤੋਂ ਪਹਿਲਾਂ ਦੇ ਚੱਲੇ ਆ ਰਹੇ ਭਗਤੀ ਮੱਤ ਦੀ ਵਿਚਾਰ ਧਾਰਾ ਦਾ ਹੀ ਵਿਸ਼ਲੇਸ਼ਣ ਸੀ। ਕੇਵਲ ਉਨ੍ਹਾਂ ਦਾ ਪ੍ਰਚਾਰ ਢੰਗ ਹੋਰਨਾਂ ਭਗਤਾਂ ਨਾਲੋਂ ਵੱਖਰਾ ਸੀ। ਇੰਦੂ ਭੂਸ਼ਨ ਬੈਨਰਜੀ ਲਿਖਦਾ ਹੈ, 'ਗੁਰੂ ਜੀ ਨੇ ਗ੍ਰੰਥਵਾਦ ਦੀ ਨਿੰਦਿਆ ਕੀਤੀ ਹੈ ਨਾ ਕਿ ਹਿੰਦੂ ਗ੍ਰੰਥਾਂ ਦੀ।' ਗੁਰੂ ਸਾਹਿਬ ਨੇ ਪ੍ਰਚਾਰਿਆ ਕਿ ਕੇਵਲ ਧਾਰਮਿਕ ਪੁਸਤਕਾਂ ਪੜ੍ਹ ਲੈਣ ਨਾਲ ਹੀ ਫਲ ਪ੍ਰਾਪਤ ਨਹੀਂ ਹੋਣਾ, ਸਗੋਂ ਇਨ੍ਹਾਂ ਪੁਸਤਕਾਂ ਵਿੱਚ ਦੱਸੀ ਸਿਖਿਆ 'ਤੇ ਅਮਲ ਕਰਨ ਨਾਲ ਹੋਣਾ ਹੈ। ਗੁਰੂ ਸਾਹਿਬ ਦੱਸਣਾ ਚਾਹੁੰਦੇ ਸਨ ਕਿ ਰੱਬ ਸਰਬ-ਸ਼ਕਤੀਮਾਨ ਤੇ ਸਰਬ-ਵਿਆਪਕ ਹੈ ਅਤੇ ਉਹ ਦੇਵੀ ਦੇਵਤਿਆ ਤੇ ਅਵਤਾਰਾਂ ਨਾਲੋਂ ਕਿਤੇ ਵੱਡਾ ਹੈ। ਗੁਰੂ ਸਾਹਿਬ ਦਾ ਉਪਦੇਸ਼ ਹਿੰਦੂ ਧਰਮ ਦੀਆਂ ਊਣਤਾਈਆਂ, ਤਰੁੱਟੀਆਂ ਤੇ ਕੁਰੀਤੀਆਂ ਵਿਰੁੱਧ ਸੀ, ਨਾ ਕਿ ਹਿੰਦੂ ਧਰਮ ਵਿਰੁੱਧ।

ਗੁਰੂ ਸਾਹਿਬ ਨੇ ਸਮਝ ਲਿਆ ਸੀ ਕਿ ਅਗਿਆਨਤਾ ਦੇ ਝਗੜੇ ਦਾ ਵੱਡਾ ਕਾਰਨ ਪਾਖੰਡਾਂ ਦੀ ਵਾਸਤਵਿਕਤਾ ਨੂੰ ਆਪਣੇ ਥੱਲੇ ਦਬਾ ਲੈਣਾ ਸੀ। ਇਸ ਲਈ ਉਹ ਬੀਮਾਰੀ ਦੀ ਜੜ੍ਹ ਤੱਕ ਪਹੁੰਚੇ ਤੇ ਲੋਕਾਂ ਵਿੱਚ ਹਰ ਚੀਜ਼ ਨੂੰ ਠੀਕ ਢੰਗ ਨਾਲ ਵੇਖਣ ਦਾ ਵਿਚਾਰ ਪੈਦਾ ਕੀਤਾ ਤਾਂ ਕਿ ਉਹ ਵਾਧੂ ਤੇ ਫਜ਼ੂਲ ਰਸਮਾਂ ਤੇ ਕੁਰੀਤੀਆਂ ਨੂੰ ਛੱਡ ਕੇ, ਝੂਠ ਤੇ ਸੱਚ ਵਿੱਚ ਅੰਤਰ ਰੱਖ ਸਕਣ। ਗੁਰੂ ਨਾਨਕ ਸਾਹਿਬ ਰੋਗੀ ਸਮਾਜ ਦਾ ਖਾਤਮਾ ਨਹੀਂ ਕਰਨਾ ਚਾਹੁੰਦੇ ਸਨ, ਸਗੋਂ ਨਾਮ-ਦਾਰੂ ਦੇ ਕੇ ਉਸ ਨੂੰ ਸਿਹਤਮੰਦ ਤੇ ਅਰੋਗ ਬਣਾਉਣਾ ਚਾਹੁੰਦੇ ਸਨ। ਆਪ ਦਾ ਮਨੋਰਥ ਪੁਰਾਣੇ ਤੇ ਗਲੇ ਸੜੇ ਸਮਾਜ ਦੀ ਪ੍ਰਚਲਤ ਕਦਰਾਂ-ਕੀਮਤਾਂ ਨੂੰ ਬਦਲ ਕੇ ਇੱਕ ਨਵੀਨ ਤੇ ਨਰੋਆ ਸਮਾਜ ਪੈਦਾ ਕਰਨਾ ਸੀ। ਇਸ ਵਿੱਚ ਕੋਈ ਸੰਦੇਹ ਨਹੀ ਕਿ ਗੁਰੂ ਸਾਹਿਬ ਤੋਂ ਪਹਿਲਾਂ ਕਈ ਭਗਤਾਂ ਤੇ ਸੁਧਾਰਕ ਦੇ ਹਿੱਸੇ ਨਹੀਂ ਆਈ।

ਗੁਰੂ ਸਾਹਿਬ ਵਲੋਂ ਚਲਾਈਆਂ ਗਈਆਂ 'ਸੰਗਤ ਤੇ ਪੰਗਤ' ਦੀਆਂ ਸੰਸਥਾਵਾਂ ਵਿੱਚ ਜ਼ਾਤ-ਪਾਤ ਦੀ ਕੋਈ ਥਾਂ ਨਹੀਂ ਸੀ। ਜਦੋਂ ਸਿੱਖ ਸੰਗਤ ਵਿੱਚ ਇਕੱਠੇ ਹੁੰਦੇ ਜਾਂ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛੱਕਦੇ, ਉਸ ਵੇਲੇ ਉਚ-ਨੀਚ ਦਾ ਭੇਦ ਭਾਵ ਆਪਣੇ ਆਪ ਮਿਟ ਜਾਂਦਾ ਸੀ। ਜ਼ਾਤ-ਪਾਤ ਤੋਂ ਪੈਦਾ ਹੋਈ ਹੰਗਤਾ ਸਮਾਪਤ ਕਰਨ ਲਈ ਜ਼ਾਤ-ਪਾਤ ਨੂੰ ਸਮਾਪਤ ਕਰਨਾ ਹੀ ਇਕ ਵਿਗਿਆਨਕ ਢੰਗ ਸਮਝਿਆ ਗਿਆ। ਗੁਰੂ ਸਾਹਿਬ ਨੇ ਨਿੱਜੀ ਜੀਵਨ ਵਿੱਚ ਅਮਲੀ ਰੂਪ 'ਚ ਇਸ ਕੋਹੜ ਦੀ ਵਿਰੋਧਤਾ ਕੀਤੀ। ਇਸ ਪੱਖੋਂ ਇਹ ਅਮਨ ਸੁਧਾਰਕ ਹੀ ਨਹੀਂ, ਕ੍ਰਾਂਤੀਕਾਰੀ ਵੀ ਸੀ। ਸੰਨਿਆਸ, ਵੈਰਾਗ, ਤਿਆਗ, ਵਰਤ, ਨੇਮ ਤੇ ਕਠਨ ਢੰਗਾਂ ਦੀ ਤਪੱਸਿਆ, ਜੋ ਪ੍ਰਚਲਤ ਧਰਮ ਦੇ ਜ਼ਰੂਰੀ ਅੰਗ ਸਮਝੇ ਜਾਂਦੇ ਸਨ, ਦੀ ਵੀ ਗੁਰੂ ਸਾਹਿਬ ਨੇ ਵਿਰੋਧਤਾ ਕੀਤੀ ਤੇ ਉਹ ਵੀ ਖੁੱਲ੍ਹੇ ਸ਼ਬਦਾਂ ਵਿੱਚ ਕਿਹਾ ਕਿ ਇਹ ਕੇਵਲ ਸਰੀਰਕ ਕਸਰਤਾਂ ਹਨ, ਇਨ੍ਹਾਂ ਦਾ ਧਰਮ ਨਾਲ ਕੋਈ ਸੰਬੰਧ ਨਹੀਂ। ਆਪ ਨੇ ਫੁਰਮਾਇਆ ਹੈ ਕਿ ਪਰਮ ਸ਼ਬਦ ਦੀ ਪ੍ਰਾਪਤੀ ਲਈ ਸ਼ੁੱਭ ਕਰਮ ਕਰਨ ਦੀ ਲੋੜ ਹੈ। ਆਪ ਦਾ ਉਦੇਸ਼ ਸੀ, 'ਅੰਜਨ ਮਾਹਿ ਨਿਰੰਜਨਿ ਰਹੀਐ' ਭਾਵ ਸੰਸਾਰ ਵਿੱਚ ਰਹਿੰਦਿਆਂ ਹੋਇਆ ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਕੇ ਰਹਿਣਾ ਚਾਹੀਦਾ ਹੈ। ਇਹ ਉਪੇਦਸ਼ ਆਪਣੇ ਆਪ ਵਿੱਚ ਬੜਾ ਪ੍ਰਭਾਵਸ਼ਾਲੀ ਅਤੇ ਕ੍ਰਾਂਤੀਕਾਰੀ ਸੀ।

ਗੁਰੂ ਸਾਹਿਬ ਨੇ ਫੋਕੇ ਕਰਮ ਕਾਂਡਾਂ, ਤੀਰਥ ਯਾਤਰਾਵਾਂ ਤੇ ਫਜ਼ੂਲ ਦਿਖਾਵੇ ਦੀਆਂ ਰਸਮਾਂ ਦਾ ਖੰਡਨ ਕੀਤਾ। ਇਨ੍ਹਾਂ ਗੱਲਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਦਾ ਬ੍ਰਹਮਵਾਦ ਵਿੱਚ ਕੋਈ ਵਿਸ਼ਵਾਸ਼ ਨਹੀਂ ਸੀ। ਜਦੋਂ ਕਿਸੇ ਵਿਚਾਰ ਜਾਂ ਸਿਧਾਂਤ ਵਿੱਚ ਕਿਸੇ ਦਾ ਵਿਸ਼ਵਾਸ਼ ਨਾ ਹੋਵੇ, ਉਦੋਂ ਉਹ ਉਸਨੂੰ ਮੰਨ ਨਹੀਂ ਸਕਦਾ। ਜਦੋਂ ਕੋਈ ਗੱਲ ਮੰਨੀ ਜਾਵੇ ਤਾਂ ਸਾਫ਼ ਸਿੱਧਾ ਭਾਵ ਹੁੰਦਾ ਹੈ ਕਿ ਉਸ ਗੱਲ ਦੀ ਵਿਰੋਧਤਾ ਕੀਤੀ ਜਾ ਰਹੀ ਹੈ। ਆਪ ਨੇ ਕੇਵਲ ਫੋਕਟ ਕਰਮ-ਕਾਂਡਾਂ ਦਾ ਖੰਡਨ ਹੀ ਨਹੀਂ ਕੀਤਾ ਸਗੋਂ ਅਜਿਹੀਆਂ ਸੰਸਥਾਵਾਂ ਕਾਇਮ ਕੀਤੀਆਂ, ਜਿਨ੍ਹਾਂ ਦੁਆਰਾ ਇਨ੍ਹਾਂ ਬੁਰਿਆਈਆਂ ਤੇ ਫੋਕੇ ਰਸਮਾਂ ਰਿਵਾਜਾਂ ਉੱਤੇ ਸੱਟ ਮਾਰੀ ਜਾ ਸਕੇ।

ਆਪ ਨੇ ਵਹਿਮ ਰਹਿਤ, ਵਿਤਕਰੇ-ਰਹਿਤ, ਜ਼ਾਤਪਾਤ-ਰਹਿਤ ਅਤੇ ਬੁੱਤ ਪੂਜਾ ਰਹਿਤ ਸਮਾਜ ਦਾ ਨਿਰਮਾਣ ਕਰਨ ਲਈ ਸੰਗਤ ਤੇ ਪੰਗਤ ਦੀਆਂ ਦੋ ਮਹੱਤਵਪੂਰਨ ਸੰਸਥਾਵਾਂ ਕਾਇਮ ਕੀਤੀਆਂ। ਇਹ ਦੋਵੇਂ ਸੰਸਥਾਵਾਂ ਗੁਰੂ ਜੀ ਦੇ ਨਿੱਜੀ ਤਜਰਬੇ ਦੀ ਕਾਢ ਸੀ। ਇਨ੍ਹਾਂ ਤਾ ਆਧਾਰ ਹਿੰਦੂ-ਦਰਸ਼ਨ ਮੂਲੋਂ ਹੀ ਨਹੀਂ ਸੀ। ਸੰਗਤ ਵਿੱਚ ਵੱਡੇ ਤੋਂ ਵੱਡੇ, ਛੋਟੇ ਤੋਂ ਛੋਟੇ ਮਨੁੱਖ ਭਾਵੇਂ ਕਿਸੇ ਜਾਤ ਜਾਂ ਬਰਾਦਰੀ ਦਾ ਹੋਵੇ, ਭਰੋਸੇ ਵਿੱਚ ਬੈਠ ਸਕਦਾ ਤੇ ਪੂਜਾ ਪਾਠ ਕਰ ਸਕਦਾ ਸੀ। ਇਸ ਤਰ੍ਹਾਂ ਲੰਗਰ ਵਿੱਚ ਬਿਨਾਂ ਕਿਸੇ ਵਿਤਕਰੇ ਦੇ ਇੱਕੋ ਪੰਗਤ ਵਿੱਚ ਬੈਠ ਕੇ ਪਰਸ਼ਾਦਾ ਛਕਿਆ ਜਾਂਦਾ ਸੀ। ਇਨ੍ਹਾਂ ਸੰਸਥਾਵਾਂ ਦੀ ਸਥਾਪਨਾ ਇਸ ਗੱਲ ਦਾ ਪ੍ਰਮਾਣ ਸੀ ਕਿ ਗੁਰੂ ਸਾਹਿਬ ਨਵੀਆਂ ਲੀਹਾਂ ਪਾਉਣ ਦੇ ਸਮਰੱਥ ਸਨ। ਗੁਰੂ ਸਾਹਿਬ ਨੇ ਮਨੁੱਖ ਦੀ ਮਹੱਤਤਾ ਨੂੰ ਬਿਲਕੁਲ ਨਹੀਂ ਝੁਠਲਾਇਆ, ਸਗੋਂ ਮਨੁੱਖ ਨੂੰ ਸਮਾਜ ਦਾ ਮਹੱਤਵਪੂਰਨ ਅੰਗ ਮੰਨ ਕੇ ਉਸਦੀ ਵਡਿਆਈ ਨੂੰ ਕਬੂਲਿਆ ਹੈ। ਆਪ ਦਾ ਫੁਰਮਾਨ ਹੈ 'ਅਵਰੁ ਜੋਨਿ ਤੇਰੀ ਪਨਿਹਾਰੀ। ਇਸ ਧਰਤੀ ਮਹਿ ਤੇਰੀ ਸਿਕਦਾਰੀ।'

ਆਪ ਜੀ ਦੇ ਵਿਚਾਰ ਅਨੁਸਾਰ ਸੁਚੱਜੇ ਸਮਾਜ ਦੇ ਨਿਰਮਾਣ ਲਈ ਮਨੁੱਖਾ ਦੀ ਸਰਬਪੱਖੀ ਸੁਚੱਜਤਾ ਦੀ ਲੋੜ ਹੈ। ਆਪ ਨੇ ਬੜੀ ਦਲੇਰੀ ਨਾਲ ਸਮਕਾਲੀ ਰਾਜਨੀਤੀ ਦੀ ਆਲੋਚਨਾ ਕੀਤੀ। ਆਪ ਨੇ ਸਮਕਾਲੀ ਲੋਧੀ ਬਾਦਸ਼ਾਹ ਨੂੰ 'ਸ਼ੀਹ' ਕਿਹਾ ਤੇ ਮੁਕੱਦਮਾਂ ਨੂੰ 'ਕੁੱਤੇ' ਕਹਿਣ ਦਾ ਸਾਹਸ ਕੀਤਾ। ਆਪ ਜੀ ਦਾ ਕਥਨ ਹੈ -

***ਰਾਜੇ ਸੀਹ ਮੁਕਦਮ ਕੁਤੇ ਜਾਇ ਜਗਾਇਨਿ੍ ਬੈਠੇ ਸੁਤੇ॥***

ਬਾਬਰ ਦੇ ਹਿੰਦੁਸਤਾਨ ਉੱਤੇ ਆਕਰਮਣ ਨੂੰ ਗੁਰੂ ਸਾਹਿਬ ਨੇ 'ਰੱਬੀ ਕਰੋਪੀ' ਨਹੀਂ ਮੰਨਿਆ, ਸਗੋਂ ਹਿੰਦੁਸਤਾਨੀਆਂ ਦੀ ਅਧੋਗਤੀ ਦਾ ਪ੍ਰਤੀ-ਫਲ ਮੰਨ ਕੇ ਫੁਰਮਾਇਆ, 'ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ॥ ਅਗੋ ਦੇ ਜੇ ਚੇਤੀਐ ਤਾ ਕਾਇਤੁ ਮਿਲੈ ਸਜਾਇ॥ ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥ ... 'ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ॥ ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨਾ ਜਾਈ॥ (ਅੰਗ - ੪੧੭)' ਇਸ ਤਰ੍ਹਾਂ ਦੀ ਸੋਚ ਕੇਵਲ ਦਲੇਰ ਨਿੱਡਰ ਕ੍ਰਾਂਤੀਕਾਰੀ ਦੀ ਹੀ ਹੋ ਸਕਦੀ ਹੈ। ਆਪ ਨੇ ਦਿਲ ਦੀ ਗੱਲ ਕਹਿਣ ਲੱਗਿਆਂ ਕੋਈ ਝਿਜਕ ਮਹਿਸੂਸ ਨਹੀਂ ਕੀਤੀ ਸਗੋਂ ਜੋ ਕੁੱਝ ਕਿਹਾ ਹੈ ਗੱਜ-ਵੱਜ ਕੇ ਕਿਹਾ ਹੈ। ਡਾ. ਗੋਕਲ ਚੰਦ ਨਾਰੰਗ ਅਨੁਸਾਰ 'ਗੁਰੂ ਸਾਹਿਬ ਤੋਂ ਪਹਿਲਾਂ ਹੋਏ ਸਭ ਭਗਤਾਂ ਦਾ ਦ੍ਰਿਸ਼ਟੀਕੋਣ ਸੌੜਾ, ਰਸਮੀ ਤੇ ਫਿਰਕੂ

ਸੀ ਪਰ ਇਸ ਦੇ ਵਿਪਰੀਤ ਗੁਰੂ ਨਾਨਕ ਸਾਹਿਬ ਦਾ ਨਜ਼ਰੀਆਂ ਵਿਸ਼ਾਲ, ਅਸੀਮਤ ਤੇ ਚੌੜਾ ਸੀ। ਜਿੱਥੇ ਬਾਕੀ ਭਗਤ ਸੰਸਾਰ ਨੂੰ ਨਾਸ਼ਵਾਨ ਕਹਿ ਕੇ ਇਸ ਨੂੰ ਛੱਡਣ ਦਾ ਪ੍ਰਚਾਰ ਕਰਦੇ ਰਹੇ, ਉੱਥੇ ਗੁਰੂ ਨਾਨਕ ਸਾਹਿਬ ਦਾ ਉਪਦੇਸ਼ ਹੈ ਕਿ ਸੰਸਾਰ, ਰੱਬ ਸੱਚੇ ਦੀ ਕੋਠੜੀ ਹੈ ਤੇ ਉਹ ਸੱਚਾ ਆਪ ਇਸ ਵਿੱਚ ਵਾਸ ਕਰਦਾ ਹੈ। ਇਸ ਨੂੰ ਛੱਡਣ ਦੀ ਲੋੜ ਨਹੀਂ। ਗੁਰੂ ਸਾਹਿਬ ਦੇ ਨਰੋਏ ਵਿਚਾਰਾਂ ਨੇ ਦਿਖਾਵੇ ਦੇ ਧਰਮ ਤੇ ਕਰੜੀ ਸੱਟ ਮਾਰੀ। ਇਸ ਲਈ ਹੌਲੇ ਹੌਲੇ ਉਨ੍ਹਾਂ ਦੇ ਅਨੁਆਈਆਂ ਨੇ ਆਪਣੇ ਆਪ ਨੂੰ ਵੱਖਰੇ ਤੇ ਯਥਾਰਥਕ ਧਰਮ ਵਿੱਚ ਸੰਗਠਿਤ ਕਰ ਲਿਆ, ਜਿਸ ’ਚ ਵਿਖਾਵੇ ਦੇ ਧਰਮ ਦੀਆਂ ਰਸਮਾਂ ਰੀਤਾਂ ਲਈ ਕੋਈ ਥਾਂ ਨਹੀਂ ਸੀ। ਇਹ ਸਹਿਜ-ਯੋਗ ਦਾ ਮਾਰਗ ਸੀ, ਜਿਸ ਨੂੰ ਗੁਰੂ ਨਾਨਕ ਸਾਹਿਬ ਨੇ ਸੰਸਾਰ ਦੇ ਲੋਕਾਂ ਨੂੰ ਦਿਖਾਇਆ। ਇਸ ਲਈ ਭੱਟ ਕਲ ‘ਸਵਈਏ ਮਹਲੇ ਪਹਿਲੇ ਕੇ’ ਵਿੱਚ ਲਿਖਦਾ ਹੈ ‘ਜਪੁ ਕਲ ਸੁਜਸੁ ਨਾਨਕ ਗੁਰ, ਸਹਜੁ ਜੋਗੁ ਜਿਨਿ ਮਾਣਿਓ।’

## *(ਪੰਨਾ 11 ਦੀ ਬਾਕੀ)*

ਹਉਮੈ ਦਾ ਪੜਦਾ ਪਿਆ ਹੋਇਆ ਹੈ। ਇਸ ਹਉਮੈ ਰੂਪੀ ਭਰਮ ਦੀ ਭੀਤਿ (ਪਾਲ, ਕੰਧ) ਦਿਲਾਂ ਦੀ ਦ੍ਰਿਸ਼ਟੀ ਦੇ ਅੱਗੇ ਉਸਰੀ ਹੋਈ ਹੈ। ਬਸ ਜੋ ਕੁੱਝ ਭੀ ਉਨ੍ਹਾਂ ਦੀ ਦ੍ਰਿਸ਼ਟੀ ਗੋਚਰ ਹੁੰਦਾ ਹੈ ਜੋ ਕੇਵਲ ਭਰਮ ਹੀ ਭਰਮ ਹੈ। ਮ੍ਰਿਗ ਤਿਸਨਾ ਪੇਖਿ ਭੁਲੇ ਵੁਠੇ ਨਗਰ ਗੰਧ੍ਰਬ’ (ਅੰਗ - ੧੪੨੫) ਵਾਲੇ ਗੁਰਵਾਕ ਦੇ‘‘ਭਾਵ ਵਾਲੀ ਹੀ ਗੱਲ ਹੈ। ਦ੍ਰਿਸ਼ਟਮਾਨ ਪਦਾਰਥਾਂ ਵਿਖੇ ਲੁਭਾਇਮਾਨ ਹੋਏ ਜੀਵਾਂ ਦੀ ਚਿੱਤ-ਬਿਰਤੀ ਭਰਮ ਗਈ ਹੈ ਅਤੇ ਧੋਖੇ ਵਿੱਚ ਪੈ ਰਹੀ ਹੈ। ਐਥੋਂ ਤਾਈਂ ਕਿ -

*ਝੂਠੁ ਬਾਤ ਸਾ ਸਚੁ ਕਰਿ ਜਾਤੀ॥*
*ਸਤਿ ਹੋਵਨੁ ਮਨਿ ਲਗੈ ਨ ਰਾਤੀ॥੨॥ ਅੰਗ - ੧੮੫*

ਦੇ ਗੁਰਵਾਕ ਦੇ ਭਾਵ ਵਾਲੀ ਦਸ਼ਾ ਹੋ ਰਹੀ ਹੈ। ਇਸ ਦ੍ਰਿਸ਼ਟਮਾਨ ਪ੍ਰੰਤੂ ਅ-ਸੱਤ ਪਦਾਰਥਾਂ ਦੇ ਭਰਮ ਭੁਲਾਵੇ ਰੂਪੀ ‘ਹਰਿ ਚੰਦਉਰੀ’ ਅਰਥਾਤ ਮਿਰਗ ਤ੍ਰਿਸ਼ਨਾ ਨੂੰ ਦੇਖ ਕੇ ਜੀਵਾਂ ਦੀ ਚਿੱਤ-ਬਿਰਤੀ ਰੂਪੀ ਦ੍ਰਿਸ਼ਟੀ ਮੂਲੋਂ ਚੁੰਧਿਆ ਗਈ ਹੈ। ਐਥੋਂ ਤਾਈਂ ਕਿ ਸਤਿ ਵਸਤੂ ਨੂੰ ਦੇਖਣੋਂ ਉੱਕੀ ਅਸਮਰੱਥ ਹੋ ਗਈ ਹੈ। ਏਸੇ ਕਰਕੇ ਗੁਰੂ ਜੀ ਫੁਰਮਾਉਂਦੇ ਹਨ ਕਿ ਜੀਵਾਂ ਦੀ ਦ੍ਰਿਸ਼ਟੀ ਵਿਖੇ ਭਰਮ ਕੇ ਛੌੜ, ਅਰਥਾਤ ਅਗਿਆਨ ਦੇ ਫੋਲੇ ਪੈ ਗਏ ਹਨ, ਜੋ ਕੇਵਲ ‘ਗੁਰੂ ਦੁਆਰੈ ਹੋਇ ਕੈ’ ਹੀ ਕੱਟੇ ਜਾ ਸਕਦੇ ਹਨ ਅਤੇ ਜਿਨ੍ਹਾਂ ਦੇ ਕੱਟੇ ਜਾਣ ਕਰਕੇ ਇਹ ਮੰਦ ਦ੍ਰਿਸ਼ਟੀ ਜੋ ਹੈ ਸੋ ਸਾਹਿਬ ਨੂੰ ਸਦਾ ਹਜ਼ੂਰ ਦੇਖਣਹਾਰੀ ਦਿਬ ਦ੍ਰਿਸ਼ਟੀ ਹੋ ਸਕਦੀ ਹੈ। ਪਰ ਇਹ ਛੌੜ ‘ਗੁਰੂ ਦੁਆਰੇ ਹੋਇ ਕੈ’ ਗੁਰੂ ਜੀ ਦੀ ਦੱਸੀ ਔਖਧੀ ਅਤੇ ਸੰਜਮ ਦੇ ਵਰਤਣ ਕਰਿ ਹੀ ਕੱਟੇ ਜਾਣਗੇ, ਐਵੇਂ ਨਹੀਂ। ਤਾਂਹੀਓਂ ਅਗਲੇਰੀ ਤੁਕ ਅੰਦਰ ‘ਗੁਰੂ ਮਹਾਰਾਜ’ ਫੁਰਮਾਉਂਦੇ ਹਨ ਕਿ -

*ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਏਹੁ ਲਾਏਹੁ॥*
*ਅੰਗ - ੫੫੪*

ਭਰਮ ਦੇ ਛੌੜ ਰੂਪੀ ਬਿਖੇ ਰੋਗ ਕੱਟਣ ਹਿੱਤ ਗੁਰੂ ਦੇ ਅੰਮ੍ਰਿਤ ਰੂਪੀ ਸ਼ਬਦ ਦਾ ਦਾਰੂ ਹੀ ਸਮਰੱਥ ਹੈ। ਸੋ ਗੁਰੂ ਜੀ ਹੁਕਮ ਦਿੰਦੇ ਹਨ ਕਿ ਇਹ ਸ਼ਬਦ ਰੂਪੀ ਦਾਰੂ ਭਰਮ ਰੂਪੀ ਛੌੜ ਦੇ ਗ੍ਰਸੇ ਲੋਇਣਾ ਵਿਖੇ ਲਾਵੇ। ਬਸ ਤਦੋਂ, ਕੇਵਲ ਤਦੋਂ ਹੀ ਹਉਮੈ ਰੋਗ ਤੋਂ ਅੰਧੁਲੇ ਹੋ ਚੁੱਕੇ ਰੋਗੀਆਂ ਦੇ ਅੰਤਰੀ ਨੇਤਰਾਂ ਵਿਚ ਉਸ ਜਗ-ਮਗ ਜੋਤਿ ਦੇ ਪਰਖਣ ਅਤੇ ਪੇਖਣ ਵਾਲੀ ਦਿਬ ਦ੍ਰਿਸ਼ਟ ਹੋ ਸਕਦੀ ਹੈ, ਐਵੇਂ ਨਹੀਂ। ਇਸ ਨਾਮ ਰੂਪੀ ਔਖਧੀ ਤੋਂ ਬਿਨਾਂ ਹਉਮੈ ਰੋਗ ਚੁੱਕੇ ਨਹੀਂ ਜਾ ਸਕਦੇ। ਇਹ ਨਾਮ ਉਹੀ ਹੈ ‘ਜੋ ਗੁਰਮਤਿ’ ਅੰਦਰ ‘ਨਾਮ’ ਦੇ ਨਾਉਂ ਕਰਕੇ ਪ੍ਰਸਿੱਧ ਹੈ, ਜਿਸ ਨੂੰ ਗੁਰਬਾਣੀ ਅੰਦਰ, ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤਰ ਬਾਣੀ ਅੰਦਰ ਧਿਆਵਣ ਯੋਗ ਨਾਮ ‘ਸੁਆਸ ਸੁਆਸ ਸਿਮਰਣ ਯੋਗ ਨਾਮ, ਨਿਮਖ ਨਿਮਖ ਅਰਾਧਨ ਯੋਗ ‘ਨਾਮ’ ਦੀ ਅਪਾਰ ਪਦਵੀ ਪ੍ਰਾਪਤ ਹੈ।

ਇਸ ਨਾਮ ਦੀ ਅਪਾਰ ਮਹਿਮਾ ਸੇਤੀ ਸ੍ਰੀ ਗੁਰੂ ਗ੍ਰੰਥ ਸਾਗਿਬ ਜੀ ਦਾ ਇਕ ਇਕ ਵਾਕ ਓਤ ਪੋਤ ਕਰਕੇ ਪਰੋਤਾ ਅਤੇ ਗੁੰਥਾ ਹੋਇਆ ਹੈ। ਇਸ ਅੰਮ੍ਰਿਤ ਰੂਪੀ ਨਾਮ ਦੀ ਅੰਮ੍ਰਿਤ ਭਿੰਨੀ ਮਹਿਮਾ ਦੇ ਗੁਰਬਾਣੀ ਅੰਦਰ ਰਮੇ ਹੋਏ ਹੋਣ ਕਾਰਨ ਹੀ ਗੁਰਬਾਣੀ ਅੰਮ੍ਰਿਤ ਰੂਪ ਹੈ ਅਤੇ ਆਪਣੇ ਨਿਜ ਸਰੂਪ ਅਦੰਰ ਇਸ ਬਿਧਿ ਰਮ ਰਹੇ ਅੰਮ੍ਰਿਤ ਨਾਮ ਰੂਪੀ ਨਾਮ ਦੇ ਪ੍ਰਕਾਸ਼ਤ ਕਰਨਹਾਰੀ ਹੋਣ ਕਰਕੇ ਹੀ ਗੁਰਬਾਣੀ ਨੂੰ ਗੁਰੂ ਦੀ ਅਮਰ ਪਦਵੀ ਪ੍ਰਾਪਤ ਹੈ। ਯਥਾ ਗੁਰਵਾਕ -

*ਬਾਣੀ ਗੁਰੂ ਗੁਰੂ ਹੈ ਬਾਣੀ*
*ਵਿਚਿ ਬਾਣੀ ਅੰਮ੍ਰਿਤੁ ਸਾਰੇ ...॥ ਅੰਗ - ੯੮੨*

# ਸੁਧਾਰਕ ਗੁਰੂ ਨਾਨਕ

*[ਭਾਈ ਸੁਰਜੀਤ ਸਿੰਘ ਸਾਜਨ]*

ਜਨਮ ਸਾਖੀ ਦਾ ਲਿਖਾਰੀ ਸ੍ਰੀ ਮਿਹਰਬਾਨ ਸੋਢੀ ਇੱਕ ਥਾਂ ਤੇ ਬੜ੍ਹਾ ਸੁੰਦਰ ਲਿਖਦਾ ਹੈ -

'ਤਬ ਗੁਰੂ ਬਾਬਾ ਨਾਨਕ ਜੀ ਸ੍ਰੀ ਗੰਗਾ ਜੀ, ਹਰਿਦੁਆਰ ਕੇ ਵੈਸਾਖੀ ਕੇ ਨਾਵਣ ਕਾ ਕਾਉਤਕ ਦੇਖਿ ਕਰ ਅਗਮ ਕਉ ਚਲਿਆ। ਤਬ ਜਾਤੇ ਜਾਤੇ ਪੂਰਬ ਕੀ ਧਰਤੀ ਪਿਰਾਗ ਜਾਇ ਨਿਕਲੇ। ਤਬ ਜਹਾਂ ਗੰਗਾ ਜਮਨਾ ਸੁਰਸਤੀ ਤਿਬੈਣੀ ਸੰਗਮੁ ਹੈ, ਤਿਸੁ ਉਪਰ ਗੁਰੂ ਬਾਬਾ ਨਾਨਕ ਜੀ ਜਾਇ ਪ੍ਰਾਪਤ ਭਏ। ਤਬ ਲੋਕ ਗੁਰੂ ਬਾਬੇ ਪਾਸ ਆਇ ਜੁੜ ਗਏ। ਲੋਗਹੁ ਗੁਰੂ ਬਾਬੇ ਜੀ ਕਾ ਨਾਮ ਸੁਣਿਆ ਤਹਾਂ ਸਭ ਲੋਗ ਆਏ ਚਰਨੀ ਲਾਗੈ। ਤਬ ਏਕਿ ਗੋਬਿੰਦ ਲੋਕ ਆਏ, ਤਿਨਹੁ ਆਏ ਗੁਰੂ ਬਾਬੇ ਜੀ ਕਉ ਰਾਮ ਰਾਮ ਕਰੀ, ਨਮਸਕਾਰ ਕੀਆ, ਅਰ ਪਰਦੱਖਣਾ ਦੇ ਕਰਿ, ਚਰਨ ਬੰਦਨਾਂ, ਕਰਿ ਕੈ ਬੈਠਿ ਗਏ। ਤਬ ਗੁਰੂ ਬਾਬਾ ਨਾਨਕ ਜੀ ਉਨ੍ਹਾਂ ਕਉ ਬਹੁਤ ਭਾਉ-ਪ੍ਰੀਤ ਸਾਥ ਲਗਾ ਬੁਲਾਵਣੇ। ਤਬ ਉਇ ਗੁਰੂ ਬਾਬੇ ਜੀ ਕੇ ਅੰਮ੍ਰਿਤ ਬਚਨ ਸੁਨਿ ਕਰ ਬਹੁਤ ਹਰਖਵੰਤ ਭਏ। ਤਬ ਗੁਰੂ ਬਾਬਾ ਜੀ ਉਨਾ ਸਾਥਿ ਲਾਗਾ ਪਰਮੇਸਰੁ ਕੀਆਂ ਬਾਤਾਂ ਕਰਨੇ। ਤਬ ਉਹ ਕਹਿਆ ਜਿ ਗੁਰਦੇਵ ਜੀ। ਅਬ ਤੂ ਖੁਸੀ ਕੇ ਘਰਿ ਬਾਤਾਂ ਕਰਤਾ ਹੈ, ਏਕ ਬਾਤ ਹਮ ਕੇ ਪੂਛਨੀ ਹੈ ਜੇ ਤੂ ਆਗਿਆ ਕਰਹਿ ਤਉ ਬੇਨਤੀ ਕਰਹਿ। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ ਪੁਰਖਹੁ ਕਿਛੁ ਤੁਮਹੁ ਕੋਈ ਬਾਤ ਪੂਛਨੀ ਹੈ, ਸੋ ਨਿਰੰਕਿ ਹੋਇ ਕੇ ਪੂਛਹੂ, ਮੈਂ ਖੁਸੀ ਹੋ, ਤੁਮ ਸੰਕੋਚ ਮਤ ਕਰਹੁ। ਤਬ ਗੁਰੂ ਬਾਬੇ ਨਾਨਕ ਜੀ ਕੀ ਆਗਿਆ ਸਾਥਿ ਬੋਲਿ ਉਠੇ ਜਿ ਗੁਰਦੇਵ ਜੀ : ਹਮਾਰੀ ਇਹ ਬੇਨਤੀ ਹੈ ਜਿ ਜੀ ਏਕਿ ਐਸੇ ਹਠੀ ਜੀਅ ਹੰਨਿ ਜਿ ਸਿਰਿ ਕਲਵਤ੍ਰ ਧਰਾਵਤੇ ਹੈ ਅਰੁ ਦੇਹਿ ਤਿਆਗਤੇ ਹੈ, ਅਰਧ ਦੁਖ ਸਹਤੇ ਹੈ, ਅਰ ਇਕਿ ਦੇਹ ਕਉ ਸੁਖੀ ਰਾਖਤੇ ਹੈ, ਕਹਤੇ ਹੈ ਜਿ ਆਤਮਾ ਰਾਮ ਹੈ, ਹਮ ਇਸ ਕੋ ਦੁਖ ਨਾਹੀ ਦੇਤੇ, ਏਹੀ ਰਾਮ ਹੈ। ਅਸੀਂ ਇਕ ਤਪੱਸਿਆ ਕਰਤੇ ਹੈ ਅਰੁ ਇਕਿ ਅਗਨਿ ਤਪੁ ਕਰਤੇ ਹੈ, ਇਕਿ ਜਲੁ ਤਪੁ ਕਰਤੇ ਹੈ, ਇਕਿ ਮੂੰਡਿ ਮੁੰਡਾਇ ਕਰ ਦੇਸੰਤਰੀ ਭ੍ਰਮਤੇ ਹੈਨਿ ਅਰੁ ਇਕ ਨਾਂਗੇ ਹੀ ਰਹਤੇ ਹੈ, ਸੰਗਲ ਗਲਿ ਬਾਹਿ ਕਰਿ ਫਿਰਤੇ ਹੈ, ਇਕਿ ਉਰਧ ਤਪੁ ਕਰਤੇ ਹੈ-ਇਕਿ ਉਦਿਆਨ ਹੀ ਮਹਿ ਰਹਤੇ ਹੈ॥ ਇਕਿ ਬੈਠੇ ਹੀ ਰਹਤੇ ਹੈ-ਇਕਿ ਫਿਰਿਆ ਹੀ ਕਰਤੇ ਹੈ-ਨਗਰੀ ਮਹਿ ਨਾਹੀ ਜੀ, ਅਨੇਕ ਸੇਵਾ ਹੈ ਅਰੁ ਅਨੇਕ ਸੇਵਾ ਕਰਨ ਹਾਰੇ ਹੈ ਜੀ, ਸ੍ਰੀ ਪਾਰਬ੍ਰਹਮ ਕਿਸ ਸੇਵਾ ਕਰਿ ਕਰਿ ਮਿਲਤਾ ਹੈ ਜੀ। ਤੁਮ ਕਿਰਪਾਲ ਹੋਇ ਹਮ ਕਉ ਸਮਝਾਇ ਦੇਹੁ। ਤਬ ਗੁਰੂ ਬਾਬੇ ਨਾਨਕ ਜੀ ਉਪਦੇਸ਼ ਬਾਣੀ ਬੋਲੀ -

*ਨਾ ਸਤਿ ਦੁਖੀਆ ਨਾ ਸਤਿ ਸੁਖੀਆ,*
*ਨਾ ਸਤਿ ਪਾਣੀ ਜੰਤ ਫਿਰਹਿ॥*
*ਨਾ ਸਤਿ ਮੂੰਡ ਮੁਡਾਈ ਕੇਸੀ,*
*ਨਾ ਸਤਿ ਪੜਿਆ ਦੇਸ ਫਿਰਹਿ॥*
*ਨਾ ਸਤਿ ਰੁਖੀ ਬਿਰਖੀ ਪਥਰ,*
*ਆਪੁ ਤਛਾਵਹਿ ਦੁਖ ਸਹਹਿ॥*
*ਨਾ ਸਤਿ ਹਸਤੀ ਬਧੇ ਸੰਗਲ,*
*ਨਾ ਸਤਿ ਗਾਈ ਘਾਹੁ ਚਰਹਿ॥*
*ਜਿਸੁ ਹਥਿ ਸਿਧਿ ਦੇਵੈ ਜੇ ਸੋਈ,*
*ਜਿਸ ਨੋ ਦੇਇ ਤਿਸੁ ਆਇ ਮਿਲੈ॥*
*ਨਾਨਕ ਤਾ ਕਉ ਮਿਲੈ ਵਡਾਈ,*
*ਜਿਸੁ ਘਟ ਭੀਤਰਿ ਸਬਦੁ ਰਵੈ॥ ਅੰਗ - ੯੫੨*

ਉਕਤ ਪ੍ਰਾਣਿਕ, ਸਵਿਸਥਾਰ-ਪ੍ਰਮਾਣੀਕ ਪ੍ਰਮਾਣ ਤੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਇਕ ਮਹਾਨ ਸੁਧਾਰਕ ਸਨ। ਅਜਿਹੇ ਸੁਧਾਰਕ, ਜਿਨ੍ਹਾਂ ਨੇ ਸਮਾਜ ਵਿੱਚ, ਧਰਮ ਵਿੱਚ, ਰਾਜਨੀਤੀ ਵਿੱਚ, ਹਰ ਪੱਖੋਂ ਪਈ ਹੀਣਤਾਂ ਦੇ ਪੱਖ ਨੂੰ ਪੂਰਿਆ।

**ਸਤਿਗੁਰੂ ਜੀ ਦੇ ਕੀਤੇ ਕੁਝ ਕੁ ਸੁਧਾਰ -**

੧. ਜਨੇਊ :- ਪੁਰਾਤਨ ਸੰਸਕ੍ਰਿਤੀ ਨੇ ਉਸ ਸਮੇਂ ਜਨ-ਸਧਾਰਨ ਵਿੱਚ ਇਹ ਗੱਲ ਆਮ ਵਹਿਮ ਬਣਾ ਕੇ ਭਰ ਦਿੱਤੀ ਹੋਈ ਸੀ ਕਿ ਜੋ ਬ੍ਰਹਮਣ, ਖੱਤਰੀ ਸੂਤ ਦਾ ਜਨੇਊ ਵੱਟ ਕੇ ਗਲੇ ਵਿੱਚ ਨਹੀਂ ਪਾਉਂਦਾ ਉਹ ਅਮੁਕਤ ਰਹਿੰਦਾ ਹੈ-ਮੁਕਤ ਨਹੀਂ ਹੋਦਾਂ। ਇਸ ਆਧਾਰ ਤੇ ਬ੍ਰਹਮਣਾਂ ਪੰਡਤਾਂ, ਪੁਰੋਹਤਾਂ ਦੇ ਹਲਵੇ-ਮੁੰਡੇ ਵਾਹਵਾ ਤੁਰੇ ਹੋਏ ਸਨ। ਕੋਈ ਅਜੇਹਾ ਨਹੀਂ ਸੀ ਜੋ ਉਨ੍ਹਾਂ ਨੂੰ ਇਸ ਦਾ ਪਰਮਾਰਥ ਪੁੱਛ ਸਕੇ। ਸਭ ਸਿਰ ਨੀਵਾਂ ਕਰਕੇ ਉਨ੍ਹਾਂ (ਬ੍ਰਹਮਣਾਂ) ਦੇ ਪਦ ਚਿੰਨਾਂ ਪਿੱਛੇ ਚਲੇ ਜਾ ਰਹੇ ਸਨ ਤੇ ਵਹਿਮ ਦਾ ਤਾਣਾ ਹੋਰ ਗੁੰਝਲ ਬਣ ਕੇ ਤਣਦਾ ਜਾ ਰਿਹਾ ਸੀ। ਕੁਲ-ਰੀਤ ਅਨੁਸਾਰ ਜਦੋਂ ਬਾਲਕ ਨੌਂ ਵਰ੍ਹਿਆਂ ਦੇ ਹੋਏ ਤਾਂ ਕੁਲ ਪ੍ਰੋਹਤ ਨੇ ਧਾਗਿਆਂ ਦਾ ਜਨੇਊ ਗੁਰੂ ਬਾਬੇ ਗਲ ਪਾਉਣ ਲਈ ਆਖਿਆ। ਮਹਿਤਾ ਕਾਲੂ ਜੀ ਤੇ ਪ੍ਰਵਾਰ ਇਕੱਠਾ ਹੋ ਬੈਠਾ। ਜਦੋਂ ਜਨੇਊ ਪਾਵਣ ਲੱਗੇ ਤਾਂ ਬਾਲਕ ਨਾਨਕ ਨੇ ਪ੍ਰੋਹਤ ਦਾ ਹੱਥ ਫੜ ਲਿਆ। ਪੁੱਛਿਆ -

ਪੁਰਖਾ ਇਸ ਦਾ ਕੀ ਲਾਭ?

ਤਾਂ ਪ੍ਰੋਹਤ ਨਿਰੁੱਤਰ ਹੋ ਗਿਆ ਤਾਂ ਸਤਿਗੁਰੂ ਬਾਲਕ ਨਾਨਕ ਨੇ ਬਾਣੀ ਗਾਵੀ -

***ਦਇਆ ਕਪਾਹ ਸੰਤੋਖੁ ਸੂਤੁ,***
***ਜਤੁ ਗੰਢੀ ਸਤੁ ਵਟੁ॥***
***ਏਹੁ ਜਨੇਊ ਜੀਅ ਕਾ,***
***ਹਈ, ਤ ਪਾਡੇ ਘਤੁ॥***
***ਨਾ ਏਹੁ ਤੁਟੈ ਨਾ ਮਲੁ ਲਗੈ,***
***ਨਾ ਏਹੁ ਜਲੈ ਨਾ ਜਾਇ॥***
***ਧੰਨੁ ਸੁ ਮਾਣਸ ਨਾਨਕਾ,***
***ਜੋ ਗਲਿ ਚਲੇ ਪਾਇ॥*** ***ਆਸਾ ਕੀ ਵਾਰ***

'ਜੇ ਏਹੋ ਜੇਹਾ ਕੋਈ ਜਨੇਊ ਤੇਰੇ ਪਾਸ ਹੈ ਤਾਂ ਮੇਰੇ ਗਲ ਵਿਚ ਪਾ ਦੇਹ। ਉਸ ਜਨੇਊ ਦਾ ਕੀ ਪਾਉਣਾ ਜੋ ਕੁਝ ਸਮੇਂ ਮਗਰੋਂ ਘਸ ਜਾਵੇ, ਟੁੱਟ ਜਾਵੇ।'

ਤਾਂ ਬ੍ਰਹਮਣ ਕਹਿਆ, 'ਜਿ, ਜੀ ਏਹੁ ਤਾਂ ਅਸਾਂ ਜਿ ਵੱਟਿਆ ਸੰਸਾਰ ਦਾ ਵੇਖਾਲਾ ਹੈ, ਜਿਉਂ ਜਨੇਊ ਤੂ ਕਹਿੰਦਾ ਹੈ ਤਿਵੇਂ ਹੈ ਪਾਣ ਜੀ ਜਿਸ ਤਗ ਨੇ ਜੋਰ ਹੈ, ਨਾਹੀਂ ਟੁਟਦਾ, ਧੁਰਿ ਪਹੁੰਚਦਾ ਹੈ, ਟੁੱਟਦਾ ਨਾਹੀ ਇਸ ਤਰ੍ਹਾਂ ਦਾ ਪਰਮਾਰਥ ਸੁਣਾਈਐ॥' (ਜਨਮ ਸਾਖੀ) ਤਾਂ ਬ੍ਰਹਮਣ ਤੇ ਹੋਰ ਜਿਤਨੇ ਦਰਸ਼ਕ ਬੈਠੇ ਸੀ ਸਭ 'ਧੰਨ ਹੈ ਤੂ ਬਾਲਕ ਧੰਨ ਹੈ, ਗੁਰੂ ਨਾਨਕ ਤੇਰੀ ਮਹਿਮਾ ਅਪਾਰ ਹੈ।' ਬੋਲ ਉੱਠੇ। ਪ੍ਰੋਹਤ, ਬਾਲਕ ਗੁਰੂ ਜੀ ਦਾ ਸ਼ਰਧਾਲੂ ਬਣਿਆ, ਚਰਨ ਛੋਹੇ ਤੇ ਸੱਚਮੁੱਚ ਦੇ ਜਨੇਊ ਦਾ ਧਾਰਨੀ ਹੋਣ ਦਾ ਪ੍ਰਣ ਕੀਤਾ। ਭਾਵੇਂ ਕੋਈ ਅੱਜ ਵੀ ਕਿਉਂ ਨਾ ਧਾਗੇ ਦੇ ਜਨੇਊ ਵੱਟ ਪਾਉਂਦਾ ਰਹੇ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਕਰ ਦੱਸਿਆ ਉਹ ਪੰਥ ਤੇ ਖੜ੍ਹਾ ਇਕ ਚਾਨਣ-ਮੀਨਾਰ ਹੈ ਜੋ ਸਹੀ ਰਸਤਾ ਦਿਖਾ ਰਿਹਾ ਹੈ, ਜੇ ਕੋਈ ਸਮਝਦਾ ਹੋਇਆ ਵੀ ਉਸ ਰਸਤੇ ਤੇ ਨਹੀਂ ਚਲਦਾ ਤਾਂ ਇਹ ਉਸਦਾ ਆਪਣਾ ਕਸੂਰ ਹੈ - ਚਾਨਣ ਮੀਨਾਰ ਦਾ ਨਹੀਂ।

੨. ਪਿੰਡੁ ਪਤਲ ਮੇਰੀ ਕੇਸਉ ........ ਹਿੰਦੂਆਂ ਵਿੱਚ ਜਦੋਂ ਕੋਈ ਪ੍ਰਾਣੀ ਮਰਦਾ ਹੈ ਤਾਂ ਉਸ ਨੂੰ ਅਗਨ ਭੇਟਾ ਕਰਨ ਤੋਂ ਪਹਿਲਾਂ ਅਤੇ ਮਗਰੋਂ ਕਈ ਤਰ੍ਹਾਂ ਦੀਆਂ ਰਸਮਾਂ ਦੀ ਪੂਰਤੀ ਕੀਤੀ ਜਾਂਦੀ ਹੈ। ਜਿਵੇਂ ਪਿੰਡ ਭਰਾਣੇ, ਦੀਵੇ ਜਗਾਣੇ, ਘੜਾ ਭੰਨਣਾ, ਮਰੇ ਪ੍ਰਾਣੀ ਦੇ ਫੁੱਲ ਚੁੱਗ ਕੇ ਹਰਦੁਆਰ ਪਾਣੀ ਵਿੱਚ ਪਾਉਣੇ, ਆਦਿ। ਉਨ੍ਹਾਂ ਦੇ ਗ੍ਰੰਥਾਂ ਦਾ ਵੀਚਾਰ ਹੈ ਕਿ ਜੇ ਇਹ ਕਾਰਜ ਨਾ ਕੀਤਾ ਜਾਵੇ ਤਾਂ ਮਰੇ ਪ੍ਰਾਣੀ ਦੀ ਗਤੀ ਨਹੀਂ ਹੁੰਦੀ ਤੇ ਉਹ ਅਵਗਤ ਹੀ ਫਿਰਦਾ ਹੈ। ਇਹ ਵੀ ਇਕ ਢੋਂਗ ਹੀ ਸੀ ਰਚਾਇਆ ਹੋਇਆ ਬ੍ਰਹਮਣਾਂ, ਪ੍ਰੋਹਤਾਂ ਨੇ, ਹਲਵੇ ਮੁੰਡੇ ਖਾਣ ਦਾ। ਸ੍ਰੀ ਗੁਰੂ ਨਾਨਕ ਜੀ ਨੇ ਜਦ ਦੇਖਿਆ ਕਿ ਵਹਿਮ ਤਾਂ ਲੋਕਾਂ ਦੇ ਧੁਰ ਅੰਦਰ ਘਰ ਕਰ ਬੈਠਾ ਹੈ ਤਦ ਬ੍ਰਹਮਣਾਂ, ਪ੍ਰੋਹਤਾਂ ਤੇ ਜਗਿਆਸੂਆਂ ਨੂੰ ਉਪਦੇਸ਼ ਕੀਤਾ -

***ਦੀਵਾ ਮੇਰਾ ਏਕੁ ਨਾਮੁ,***
***ਦੁਖੁ ਵਿਚਿ ਪਾਇਆ ਤੇਲੁ॥***
***ਉਨਿ ਚਾਨਣਿ ਓਹੁ ਸੋਖਿਆ,***
***ਚੂਕਾ ਜਮ ਸਿਉ ਮੇਲੁ॥੧॥***
***ਲੋਕਾ ਮਤ ਕੋ ਫਕੜਿ ਪਾਇ॥***
***ਲਖ ਮੜਿਆ ਕਰਿ ਏਕਠੇ***
***ਏਕ ਰਤੀ ਲੈ ਭਾਹਿ॥੧॥ਰਹਾਉ॥***
***ਪਿੰਡੁ ਪਤਲਿ ਮੇਰੀ ਕੇਸਉ***
***ਕਿਰਿਆ ਸਚੁ ਨਾਮੁ ਕਰਤਾਰੁ॥***
***ਐਥੇ ਓਥੈ ਆਗੈ ਪਾਛੈ,***
***ਏਹੁ ਮੇਰਾ ਆਧਾਰੁ॥੨॥***
***ਗੰਗ ਬਨਾਰਸਿ ਸਿਫਤਿ ਤੁਮਾਰੀ,***
***ਨਾਵੈ ਆਤਮ ਰਾਉ॥***
***ਸਚਾ ਨਾਵਣੁ ਤਾਂ ਥੀਐ,***
***ਜਾਂ ਅਹਿਨਿਸਿ ਲਾਗੈ ਭਾਉ॥੩॥***
***ਇਕ ਲੋਕੀ ਹੋਰੁ ਛਮਿਛਰੀ,***
***ਬ੍ਰਾਹਮਣੁ ਵਟਿ ਪਿੰਡੁ ਖਾਇ॥***
***ਨਾਨਕ ਪਿੰਡੁ ਬਖਸੀਸ ਕਾ***
***ਕਬਹੂੰ ਨਿਖੂਟਸਿ ਨਾਹਿ॥੪॥੨॥੩੨॥*** ***ਅੰਗ - ੩੫੮***

੩. ਕਰਮ ਕਾਂਡ ਦੀ ਨਿਖੇਧੀ :- ਤਬ ਗੁਰੂ ਬਾਬਾ ਨਾਨਕ ਜੀ ਪੂਰਬ ਕੀ ਧਰਤੀ ਗੰਗਾ ਤੀਰਥਿ ਪੁਰਬ ਕੈ ਸਮੈ ਨਾਵਣ ਕਉ ਜਾਇ ਪ੍ਰਾਪਤ ਹੋਆ। ਤਬ ਗੁਰੂ ਬਾਬਾ ਨਾਨਕ ਜੀ ਉਹਾਂ ਗਇਆ। ਤਬ ਸਭ ਲੋਕ ਜਿਤਨੇ ਥੇ ਸਭਿ ਲੈ ਉਠੇ ਜਿ ਗੁਰੂ ਬਾਬਾ ਨਾਨਕ ਜੀ ਗੰਗਾ ਆਇਆ, ਗੁਰੂ ਨਾਨਕ ਜੀ ਈਹਾ ਆਇਆ। ਜਿਤਨੇ ਲੋਗ ਥੇ ਤਿਤਨੇ ਸਭਿ ਆਏ ਲਾਗੇ ਦਰਸ਼ਨ ਕਰਨੇ। ਇਕ ਮਹਾ ਪੂਰਨ ਜਿ ਗਿਆਨੀ ਥੇ, ਤਿਨਹੁ ਕਹਿਆ ਜਿ ਬਾਬਾ ਨਾਨਕ ਜੀ ਆਇਆ ਹੈ, ਜਿ ਕਾਈ ਬਾਤ ਪੂਛਨੀ ਹੈ ਸਿ ਅਜੁ ਪੂਛ ਲੇਹੁ॥

ਤਬ ਗੁਰੂ ਬਾਬੇ ਨਾਨਕ ਜੀ ਪਹਿ ਉਨਹੁ ਬੇਨਤੀ ਕਰੀ ਜਿ 'ਬਾਬਾ ਨਾਨਕ ਜੀ ਏਕ ਬੇਨਤੀ ਪੂਛਨੇ ਕੀ ਹਮਾਰੇ ਜੀ ਹੈ ਕਿ ਆਗਿਆ ਹੋਇ ਤਾਂ ਕਹਹ?' ਤਬ ਗੁਰੂ ਬਾਬੇ ਨਾਨਕ ਜੀ ਕਹਿਆ ਕਿ ਭਲਾ ਹੋਇ, ਜੇ ਕਿਛ ਥਾਰੇ ਜੀ ਹੈ ਸੇ ਪੂਛੀਐ ਜੀ। ਤਬ ਉਨਹੂ ਗੋਬਿੰਦ ਲੋਕਹੁ ਕਹਿਆ ਬਲਿਹਾਰ ਜਾਉ ਬਾਬਾ ਜੀ। ਏਹਿ ਜਿ ਬੈਸਨਉ ਹੈ, ਚਉਕਾ ਦੇਂਦੇ ਹੈ ਕਾਰਾ ਕਢਤੇ ਹੈ, ਸੁਚਾ ਪਾਣੀ ਲੇ ਆਵਤੇ ਹੈ, ਕੇਰੀ ਗਗਰੀ ਨਿਤਾ ਪ੍ਰਤਿ ਕੇਰੀ ਹੀ ਕੋਰੀ ਅਰ ਖੀਰ ਭੋਜਨ ਕਰਤੇ ਹੈ, ਬਾਬਾ ਨਾਨਕ ਜੀ ਐਸੀ ਕਠਨੁ ਕਰਿ ਜੇਮਤੇ ਹੈ। ਕਿਛ ਏਹੁ ਬਾਤ ਭੀ ਪਰਮੇਸੁਰੁ ਲੇਖੈ ਪਵੇਗਾ ਕਿ ਨਾ ਪਵੇਗਾ? ਤਬ ਗੁਰੂ ਬਾਬੇ ਨਾਨਕ ਜੀ ਬਸੰਤ ਰਾਗ ਮਹਿ ਬਾਨੀ ਬੋਲੀ ਜਿ -

*ਸੁਇਨੇ ਕਾ ਚਉਕਾ ਕੰਚਨ ਕੁਆਰ॥*
*ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ॥*
*ਗੰਗਾ ਕਾ ਉਦਕੁ ਕਰੰਤੇ ਕੀ ਆਗਿ॥*
*ਗਰੁੜਾ ਖਾਣਾ ਦੁਧ ਸਿਉ ਗਾਡਿ॥੧॥*
*ਰੇ ਮਨ ਲੇਖੈ ਕਬਹੂ ਨ ਪਾਇ॥*
*ਜਾਮਿ ਨ ਭੀਜੈ ਸਾਚ ਨਾਇ॥੧॥ਰਹਾਉ॥*
*ਦਸ ਅਠ ਲੀਖੇ ਹੋਵਹਿ ਪਾਸਿ॥*
*ਚਾਰੇ ਬੇਦ ਮੁਖਾਗਰ ਪਾਠਿ॥*
*ਪੁਰਬੀ ਨਾਵੈ ਵਰਨਾਂ ਕੀ ਦਾਤਿ॥*
*ਵਰਤ ਨੇਮ ਕਰੇ ਦਿਨ ਰਾਤਿ॥੨॥*
*ਕਾਜੀ ਮੁਲਾਂ ਹੋਵਹਿ ਸੇਖ॥*
*ਜੋਗੀ ਜੰਗਮ ਭਗਵੇ ਭੇਖ॥*
*ਕੋ ਗਿਰਹੀ ਕਰਮਾ ਕੀ ਸੰਧਿ॥*
*ਬਿਨੁ ਬੂਝੇ ਸਭ ਖੜੀਅਸਿ ਬੰਧਿ॥੩॥*
*ਜੇਤੇ ਜੀਅ ਲਿਖੀ ਸਿਰਿ ਕਾਰ॥*
*ਕਰਣੀ ਉਪਰਿ ਹੋਵਗਿ ਸਾਰ॥*
*ਹੁਕਮੁ ਕਰਹਿ ਮੂਰਖ ਗਾਵਾਰ*
*ਨਾਨਕ ਸਾਚੇ ਕੇ ਸਿਫਤਿ ਭੰਡਾਰ॥* ਅੰਗ - ੧੧੬੮

ਤਦੋਂ ਉਹ ਲੋਕ ਗੁਰੂ ਨਾਨਕ ਬਾਬੇ ਜੀ ਦੀ ਚਰਨੀ ਆਇ ਪਏ, ਤਿੰਨਾਂ ਦਾ ਉਧਾਰ ਹੋਇਆ। (ਜਨਮ ਸਾਖੀ)

੪. ਪਾਖੰਡ ਖੰਡਣ - ਇਸੇ ਤਰ੍ਹਾਂ ਹੀ ਸਤਿਗੁਰੂ ਜੀ ਨੇ ਗੰਗਾ ਤੇ ਆਏ ਯਾਤਰੂਆਂ ਨਾਲ ਵਿਚਾਰ-ਵਿਮਰਸ਼ ਕੀਤੀ ਤੇ ਉਨ੍ਹਾਂ ਨੂੰ ਪਾਖੰਡ ਤੋਂ ਵਰਜਿਆ। ਉਨ੍ਹਾਂ ਫੁਰਮਾਇਆ, ਨਾਮ ਧਿਆਇਆ ਹੀ ਨਾਮੀ ਨੂੰ ਮਿਲੀਦਾ ਹੈ, ਹੋਰ ਪਾਖੰਡ ਰਾਸ ਨਹੀਂ ਆਉਂਦੇ। ਲਓ ਸੁਣੋ ਮੈਨੂੰ ਜੋ ਅਰਸ਼ੀ ਉਪਦੇਸ਼ ਹੋਇਆ ਹੈ -

*ਜੋਗੀ ਹੋਵੇ ਜੋਗਵੈ ਭੋਗੀ ਹੋਵੈ ਖਾਇ॥*
*ਤਪੀਆ ਹੋਵੈ ਤਪੁ ਕਰੇ,*
*ਤੀਰਥਿ ਮਲਿ ਮਲਿ ਨਾਇ॥੧॥*
*ਤੇਰਾ ਸਦੜਾ ਸੁਣੀਜੈ ਭਾਈ*
*ਜੇ ਕੋ ਬਹੈ ਅਲਾਇ॥੧॥ਰਹਾਉ॥*
*ਜੈਸਾ ਬੀਜੈ ਸੋ ਲੁਣੈ,*
*ਜੋ ਖਟੇ ਸੁ ਖਾਇ॥*
*ਅਗੈ ਪੁਛ ਨਾ ਹੋਵਈ*
*ਸੇ ਸਣੁ ਨੀਸਾਣੈ ਜਾਇ॥੨॥*
*ਤੈਸੋ ਜੈਸਾ ਕਾਢੀਐ*
*ਜੈਸੀ ਕਾਰ ਕਮਾਇ॥*
*ਜੋ ਦਮੁ ਚਿਤਿ ਨ ਆਵਈ*
*ਸੋ ਦਮੁ ਬਿਰਥਾ ਜਾਇ॥੩॥*
*ਇਹੁ ਤਨੁ ਵੇਚੀ ਬੈ ਕਰੀ*
*ਜੇ ਕੋ ਲਏ ਵਿਕਾਇ॥੧੦॥*
*ਨਾਨਕ ਕੰਮਿ ਨ ਆਵਈ*
*ਜਿਤੁ ਤਨਿ ਨਾਹੀ ਸਚਾ ਨਾਉ॥੪॥੫॥੭॥*

*ਅੰਗ - ੭੩੦*

'ਨਾ ਹਮ ਹਿੰਦੂ ਨਾ ਮੁਸਲਮਾਨ' ਤਦੋਂ ਗੁਰੂ ਜੀ ਦੌਲਤ ਖਾਂ ਲੋਧੀ ਦੇ ਮੋਦੀਖਾਨੇ ਵਿਚ ਮੋਦੀ ਦਾ ਕੰਮ ਕਰਦੇ ਸਨ। ਤੇਰਾ ਤੇਰਾ ਤੋਲਦੇ, ਗਰੀਬਾਂ ਨੂੰ, ਲੋੜਵੰਦਾਂ ਨੂੰ ਝੋਲੀਆਂ ਭਰ ਭਰ ਅਨਾਜ ਦਾਨਾ ਦੇਈਂ ਜਾਂਦੇ। ਈਰਖਾਲੂਆਂ ਨੇ ਜਾ ਸ਼ਕਾਇਤ ਕੀਤੀ ਲੋਦੀ ਪਾਸ। ਲੋਦੀ ਜੀ ਨੇ ਗੁਰੂ ਜੀ ਨੂੰ ਪਾਸ ਬੁਲਾਇਆ ਤੇ ਹਿਸਾਬ ਕੀਤਾ। ਗੁਰੂ ਜੀ ਦੇ ਪੈਸੇ ਦੇਣੇ ਨਿਕਲੇ ਦੌਲਤ ਖਾਂ ਵੱਲ। ਇਕ ਵਾਰੀ, ਦੋ ਵਾਰੀ, ਹਰ ਵਾਰੀ ਜਬ ਹਿਸਾਬ ਚੈਕ ਕੀਤਾ ਜਾਂਦਾ ਤਾਂ ਲੋਦੀ ਨੂੰ ਗੁਰੂ ਬਾਬਾ ਜੀ ਦੇ ਪੈਸੇ ਦੇਣੇ ਹੀ ਬਣਦੇ, ਥੋੜੇ ਬਹੁਤ। ਅੱਲਾ ਦਾ ਬੰਦਾ ਜਾਣ ਕਰ ਕੇ ਲੋਦੀ ਸ਼ਰਧਾਲੂ ਬਣਿਆ। ਗੁਰੂ ਜੀ ਨੇ ਫੁਰਮਾਇਆ, 'ਅਸੀਂ ਸਾਰੇ ਇਕ ਉਸ ਕਰਤਾਰ ਦੇ ਬੰਦੇ ਹਾਂ, ਸਾਰੇ ਉਸੇ ਦੇ ਬਿੰਦ ਤੋਂ ਪ੍ਰਗਟ ਭਏ ਹਾਂ। ਨਾਂ ਕੋਈ ਹਿੰਦੂ ਹੈ ਨਾਂ ਮੁਸਲਮਾਨ। ਨਾਂ ਕੋਈ ਛੋਟਾ ਹੈ ਨਾ ਕੋਈ ਬੜਾ। ਸਭ ਏਕ ਜੈਸੇ ਹਾਂ। ਤਾਂ ਲੋਦੀ ਜੋ ਦੀਨ ਦਾ

ਵਿਸ਼ਵਾਸ਼ ਪਾਤਰ ਤੇ ਦੀਨ ਦਾ ਹਰ ਤਰਫ ਬੋਲ ਬਾਲਾ ਹੁੰਦਾ ਸੁਣ ਰਿਹਾ ਸੀ-ਸਿਰ ਫਿਰ ਬੈਠਾ। ਤਾਂ ਗੁਰੂ ਜੀ ਸ਼ਬਦ ਬੋਲ ਕੇ ਸਮਝਾਇਆ ਜੋ -

*ਮੁਸਲਮਾਣੁ ਕਹਾਵਣੁ ਮੁਸਕਲੁ,*
*ਜਾ ਹੋਇ ਤਾਂ ਮੁਸਲਮਾਣੁ ਕਹਾਵੈ॥*
*ਅਵਲਿ ਆਉਲਿ ਦੀਨੁ ਕਰਿ ਮਿਠਾ,*
*ਮਸਕਲ ਮਾਨਾ ਮਾਲੁ ਮੁਸਾਵੈ॥*
*ਹੋਇ ਮੁਸਲਿਮੁ ਦੀਨ ਮੁਹਾਣੈ,*
*ਮਰਣ ਜੀਵਣ ਕਾ ਭਰਮੁ ਚੁਕਾਵੈ॥*
*ਰਬ ਕੀ ਰਜਾਇ ਮੰਨੇ ਸਿਰ ਉਪਰਿ,*
*ਕਰਤਾ ਮੰਨੇ ਆਪੁ ਗਵਾਵੈ॥*
*ਤਉ ਨਾਨਕ ਸਰਬ ਜੀਆ ਮਿਹਰੰਮਤਿ,*
*ਹੋਇ ਤ ਮੁਸਲਮਾਣੁ ਕਹਾਵੈ॥੧॥ ਅੰਗ - ੧੪੧*

ਜੋ ਉਕਤ ਦੱਸੀ ਰਹੁਰੀਤ ਵਿਚ ਚੱਲ ਜਾਂਦਾ ਹੈ ਉਹੋ ਹੀ ਸਹੀ ਰੂਪ ਵਿੱਚ ਇਨਸਾਨ ਹੈ। ਹਿੰਦੂ, ਮੁਸਲਮਾਨ ਦੇ ਪਾਏ ਇਹ ਵਿਤਕਰੇ ਆਪਣੀ ਨਫਰਤ ਦਾ ਮੁੱਢ ਹਨ, ਜੋ ਤੁਸਾਂ ਪਾ ਰੱਖੇ ਹਨ। ਤਾਂ ਦੌਲਤ ਖਾਂ ਨੂੰ ਵਿਸ਼ਵਾਸ਼ ਹੋਇ ਆਇਆ ਤੇ ਉਹ ਗੁਰੂ ਦਾ ਸਿੱਖ ਬਣਿਆ। ਸੋ ਇਹ ਹਨ, ਕੁਝ ਮੋਟੀਆਂ ਮੋਟੀਆਂ ਮਿਸਾਲਾਂ ਸ੍ਰੀ ਗੁਰੂ ਨਾਨਕ ਜੀ ਦੇ ਸੁਧਾਰਕ ਹੋਣ ਦਾ ਸਬੂਤ। ਉਂਜ ਤਾਂ ਸ੍ਰੀ ਗੁਰੂ ਨਾਨਕ ਜੀ ਨੇ ਜੋ ਕੰਮ ਕੀਤਾ ਉਹ ਸਭ ਹੀ ਸੁਧਾਰਵਾਦੀ ਸੀ। ਉਨ੍ਹਾਂ ਸੁਧਾਰ ਕੀਤਾ ਜਨ-ਸਾਧਾਰਨ ਲਈ, ਸਾਡੇ ਲਈ। ਪਰ ਅਸੀਂ ਹਾਂ ਕਿ ਉਨ੍ਹਾਂ ਦੇ ਦੱਸੇ ਸਿਧੇ ਰਸਤਿਆਂ ਤੋਂ ਉਤਰ ਕੇ ਕੁਰਾਹੇ ਤੁਰੇ ਜਾ ਰਹੇ ਹਾਂ। ਸਾਡਾ ਭਲਾ ਇਸੇ ਵਿਚ ਹੈ ਕਿ ਅਸੀਂ ਗੁਰੂ ਸਾਹਿਬ ਦੇ ਦੱਸੇ ਰਾਹ ਤੇ ਚੱਲੀਏ।

*ਗੁਰ ਕੀ ਮਤਿ ਤੂ ਲੇਹਿ ਇਆਨੇ॥*
*ਭਗਤਿ ਬਿਨਾ ਬਹੁ ਡੂਬੇ ਸਿਆਨੇ॥ ਅੰਗ - ੨੮੮*

---

### *(ਪੰਨਾ 13 ਦੀ ਬਾਕੀ)*

ਪੰਜ ਖੰਡਾਂ ਦਾ ਜ਼ਿਕਰ ਗੁਰੂ ਨਾਨਕ ਦੀ ਅਗੰਮੀ ਸੋਝੀ ਦੀ ਉਚਾਈ ਦਾ ਲਖਾਇਕ ਹੈ। ਆਪ ਅਕਾਲ ਰੂਪ ਹੋਣ ਕਰਕੇ ਜਗਤ ਦੇ ਕਹਿੰਦੇ ਕਹਾਂਦੇ ਵਿਦਵਾਨਾਂ ਦੀ ਸੰਗਤ ਵਿੱਚ ਵਿਚਰ ਕੇ ਉਹਨਾਂ ਨੂੰ ਲਾਜੁਆਬ ਕਰਨਾ ਉਹਨਾਂ ਦੀ ਉੱਚਤਾ ਨੂੰ ਚਾਰ ਚੰਨ ਲਾਉਂਦਾ ਹੈ। ਗੱਡੇ ਲੱਦ ਗ੍ਰੰਥਾਂ ਦੇ ਗਿਆਤਿਆਂ ਨੂੰ ਆਪਣੇ ਵਿਚਾਰ ਬਿੰਦੂ ਨਾਲ ਮੋਲਣਾ ਕੋਈ ਸੌਖੀ ਗੱਲ ਨਹੀਂ। ਵੱਡੇ ਵੱਡੇ ਮਹਾਨ ਬੁੱਧੀਮਾਨ, ਗੁਰੂ ਨਾਨਕ ਜੋਤ ਨੂੰ ਸੂਰਜ ਮੰਨਦੇ ਤੇ ਆਪਣੇ ਆਪ ਨੂੰ ਮੋਮਬੱਤੀ ਦੇ ਤੁੱਲ ਸਮਝਦੇ। ਉਹਨਾਂ ਦੀ ਹਉਮੈ ਪਤਲੀ ਪੈ ਗਈ ਭਾਈ ਲਾਲੋ ਵਰਗੇ ਕਿਰਤੀਆਂ ਨਾਲ ਉਹਨਾਂ ਦੀ ਸੰਗਤ ਅਕਸਰ ਰਹਿੰਦੀ ਸੀ। ਕੋਧਰੇ ਦੀ ਰੁੱਖੀ ਰੋਟੀ ਨੂੰ ਉਹ ਪਸੰਦ ਕਰਦੇ ਸਨ। ਬ੍ਰਹਮ ਭੋਜਾਂ ਵਿਚਲੇ ਪਦਾਰਥਾਂ ਨੂੰ ਨਜ਼ਰ ਅੰਦਾਜ ਕਰਦੇ ਰਹਿੰਦੇ। ਮਲਕ ਭਾਗੋ ਨੂੰ ਸਾਖਸ਼ਾਤ ਤੌਰ ਤੇ ਲੋਕਾਂ ਦੇ ਇਕੱਠ ਵਿੱਚ ਨਿੰਮੋਝੂਣਾ ਹੋਣਾ ਪਿਆ।

ਗੁਰੂ ਨਾਨਕ ਸਾਹਿਬ ਦੀ ਖ਼ੂਬੀ ਇਹ ਵੀ ਸੀ ਕਿ ਏਨੇ ਉੱਚੇ ਮਰਾਤਬੇ ਤੇ ਹੁੰਦਿਆਂ ਵੀ ਉਹਨਾਨੇ ਆਪਣੇ ਆਪ ਨੂੰ ਮੂਰਖ, ਗਵਾਰ ਕਿਹਾ ਹੀ ਨਹੀਂ ਸਗੋਂ ਲੋਕਾਂ ਵਲੋਂ ਕਹੇ ਹੋਏ ਨੀਵੇਂ ਸ਼ਬਦ ਵੀ ਗੁਰਬਾਣੀ ਵਿੱਚ ਦਰਜ ਕੀਤੇ 'ਕੋਈ ਆਖੈ ਭੂਤਨਾ, ਕੋ ਕਹੈ ਬੇਤਾਲਾ॥'

ਸਮਾਜਕ ਬਣਤਰ ਦੇ ਚਿੱਤਰ ਵੱਲ ਵੀ ਉਹਨਾਂ ਨੇ ਬਖੂਬੀ ਧਿਆਨ ਦਿਵਾਇਆ -

*ਅਸੰਖ ਮੂਰਖ ਅੰਧ ਘੋਰ॥*
*ਅਸੰਖ ਚੋਰ ਹਰਾਮਖੋਰ॥*
*ਅਸੰਖ ਅਮਰ ਕਰਿ ਜਾਹਿ ਜੋਰ॥*
*ਅਸੰਖ ਗਲਵਢ ਹਤਿਆ ਕਮਾਹਿ॥*
*ਅਸੰਖ ਪਾਪੀ ਪਾਪੁ ਕਰਿ ਜਾਹਿ॥*
*ਅਸੰਖ ਕੂੜਿਆਰ ਕੂੜੇ ਫਿਰਾਹਿ॥*
*ਅਸੰਖ ਮਲੇਛ ਮਲੁ ਭਖਿ ਖਾਹਿ॥*
*ਅਸੰਖ ਨਿੰਦਕ ਸਿਰਿ ਕਰਹਿ ਭਾਰੁ॥*
*ਨਾਨਕੁ ਨੀਚੁ ਕਹੈ ਵੀਚਾਰੁ॥*
*ਵਾਰਿਆ ਨ ਜਾਵਾ ਏਕ ਵਾਰ॥*
*ਜੋ ਤੁਧੁ ਭਾਵੈ ਸਾਈ ਭਲੀ ਕਾਰ॥*
*ਤੂ ਸਦਾ ਸਲਾਮਤਿ ਨਿਰੰਕਾਰ॥ ਅੰਗ - ੪*

ਗੁਰਗੱਦੀ ਵਿਰਾਸਤ ਵਿਚ ਆਪਣੇ ਦੋ ਸਪੁੱਤਰਾਂ ਨੂੰ ਨਹੀਂ ਦਿੱਤੀ ਸਗੋਂ ਆਪਣੇ ਪ੍ਰੇਮੀ ਸੇਵਕ ਭਾਈ ਲਹਿਣੇ ਨੂੰ ਪੂਰੀ ਨਿਰਖ ਪਰਖ ਕਰਕੇ ਸਮਰਪਤ ਕੀਤੀ। ਪੰਜ ਪੈਸੇ ਅਤੇ ਨਾਰੀਅਲ ਰੱਖ ਉਹਨਾਂ ਨੂੰ ਗੱਦੀ ਤੇ ਬਿਠਾਇਆ ਤੇ ਮੱਥਾ ਟੇਕਿਆ। ਇਤਿਹਾਸ ਵਿੱਚ ਅਜਿਹੀ ਪਰੰਪਰਾ ਪਹਿਲਾਂ ਹੈ ਹੀ ਨਹੀਂ ਸੀ ਕਿ ਕਿਸੇ ਗੁਰੂ ਨੇ ਆਪਣੇ ਅਜ਼ੀਜ਼ ਸ਼ਿੱਸ਼ ਦੇ ਚਰਨਾਂ ਵਿੱਚ ਸੀਸ ਨਿਵਾਇਆ ਹੋਵੇ।

ਇਸਤਰੀ ਲਈ ਉਹਨਾਂ ਦੇ ਮਨ ਵਿੱਚ ਬੜੀ ਅਹਿਮੀਅਤ ਸੀ। ਉਹਨਾਂ ਦਾ ਹੀ ਕਥਨ ਹੈ।

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥*
*ਅੰਗ - ੪੭੩*

ਅੱਜ ਸਾਨੂੰ ਗੁਰੂ ਬਾਬੇ ਦੀ ਅਜ਼ਮਤ ਨੂੰ ਜਿਹਨ ਨਸ਼ੀਨ ਕਰਨ ਦੀ ਜ਼ਰੂਰਤ ਹੈ।

# ਨਾਭ ਕੰਵਲ ਤੇ ਦਸ਼ਮ-ਦੁਆਰ

*(ਸੂਬੇਦਾਰ ਧਰਮ ਸਿੰਘ ਸੁੱਜੋਂ)*

ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ, ਸ਼ਿਸ਼ਯ ਲੋਕ, ਆਪਣੇ ਗੁਰੂ ਤੋਂ ਨਾਮ ਜਾਂ ਗੁਰ-ਮੰਤ੍ਰ ਪ੍ਰਾਪਤ ਕਰ, ਇਸਦਾ ਰਸਨਾ ਦੁਆਰਾ ਜਾਪ ਅਰੰਭ ਕਰਦੇ ਸਨ। ਨਾਮ ਹਿਰਦੇ ਵਿਚ ਉਤਰ, ਸੁਰਤੀ ਤੇ ਸਿਮਰਨ ਵਿੱਚ ਬਦਲੀ ਹੋ ਜਾਂਦਾ ਹੈ। ਸਿਮਰਨ ਕਰਦੇ ਹੋਏ ਇਕ ਵਕਤ ਐਸਾ ਆਉਂਦਾ ਹੈ ਜਦੋਂ ਸੁਆਸ ਨਾਭੀ ਵਿੱਚ ਰੁਕ, ਪ੍ਰਕਾਸ਼ ਪੈਦਾ ਹੋ ਜਾਂਦਾ ਹੈ। ਧਾਰਮਿਕ ਗ੍ਰੰਥਾਂ ਅਨੁਸਾਰ, ਅਕਾਲ-ਪੁਰਖ ਦਾ ਸਰਗੁਣ ਸਰੂਪ, ਪ੍ਰਕਾਸ਼ ਰੂਪ ਹੈ। ਸਾਧਕ, ਨਾਭੀ ਤੋ ਉਤਪਨ ਹੋਏ ਪ੍ਰਕਾਸ਼ ਨੂੰ, ਅਕਾਲ-ਪੁਰਖ ਦੀ ਪ੍ਰਾਪਤੀ ਸਮਝ ਕੇ ਇਥੇ ਹੀ ਸੰਤੁਸ਼ਟ ਹੋ ਬੈਠਦਾ।

ਗੁਰੂ ਨਾਨਕ ਦੇਵ ਜੀ ਨੇ ਇਸ ਪੁਰਾਤਨ ਸਨਾਤਨ ਰੀਤੀ ਵਿੱਚ ਦੋ ਗੱਲਾਂ ਦਾ ਵਾਧਾ ਕੀਤਾ। ਇਕ ਤਾਂ ਨਾਮ ਦੀ ਬਖਸ਼ਿਸ਼ ਤੋਂ ਪਹਿਲਾਂ ਅੰਮ੍ਰਿਤ (ਚਰਨ ਪਾਹੁਲ) ਪਾਨ ਕਰਾਇਆ ਜਾਣ ਲੱਗਾ, ਦੂਸਰੇ ਰਸਨਾ ਦੁਆਰਾ ਸਾਧਾਰਨ ਜਾਪ ਦੀ ਥਾਂ, ਅਰਧ-ਉਰਧੀ ਸਾਸ-ਗਿਰਾਸ ਨਾਮ ਅਭਿਆਸ ਦੀ ਵਿਧੀ ਅਰੰਭ ਕੀਤੀ। ਅਸੀਂ ਕਦੇ ਇਹ ਗੌਹ ਕਰਨ ਦੀ ਲੋੜ ਹੀ ਪਰਤੀਤ ਨਹੀਂ ਕੀਤੀ ਕਿ ਸਾਹਿਬ ਗੁਰੂ ਨਾਨਕ ਦੇਵ ਜੀ ਨੇ ਇਹ ਵਾਧਾ ਕਿਉਂ ਕੀਤਾ। ਕਿਆ ਐਸਾ ਕਰਨ ਦੀ ਤੈਹ ਵਿਚ ਕੋਈ ਛੁਪਿਆ ਹੋਇਆ ਰਾਜ ਤੇ ਨਹੀਂ?

ਵਰਤਮਾਨ ਸਮੇਂ ਵਿਚ ਹੋ ਗੁਜਰੇ ਪੂਰਨ ਬ੍ਰਹਮ ਗਿਆਨੀ ਭਾਈ ਸਾਹਿਬ ਰਣਧੀਰ ਸਿੰਘ ਜੀ ਪੁਸਤਕ ਚਰਨ ਕਮਲ ਕੀ ਮਉਜ' ਵਿਚ ਲਿਖਦੇ ਹਨ ਕਿ 'ਆਪਾ ਚੀਨਣਾ', ਗੁਰਮਤ ਦਾ ਮੁੱਖ ਮਨੋਰਥੀ ਤੱਤ-ਆਦਰਸ਼ ਨਹੀਂ। ਮੁਖ ਮਨੋਰਥ ਤਾਂ ਪ੍ਰਮਾਰਥ-ਖੋਜੀਆਂ ਦਾ ਪ੍ਰਮਾਤਮਾ ਨੂੰ ਚੀਨਣ (ਪ੍ਰਾਪਤ ਹੋਣ) ਵਾਲੀ ਤੱਤ-ਲਖਤਾ ਹੈ । ......... ਪਹਿਲਾਂ ਘਟ ਅੰਦਰ ਹੀ ਆਤਮਾ ਦਾ ਜੋਤਿ-ਵਿਗਾਸ ਹੁੰਦਾ ਹੈ। ਅਰਥਾਤ ਆਤਮਾ ਦੀ ਉਹ ਜੋ ਪਹਿਲਾਂ ਜੋਤਿ ਦਾ ਪ੍ਰਕਾਸ਼ ਹੁੰਦਾ ਹੈ। ਘਟ ਘਟ ਅੰਦਰ ਆਤਮ-ਜੋਤਿ ਪ੍ਰਕਾਸ਼ ਹੋਈ ਸੀ, ਉਹ ਤਾਂ ਪ੍ਰਮਾਤਮਾ ਦੀ ਅੰਸ਼ ਹੀ ਸੀ, ਰਮਤ ਰਾਮ ਕੀ ਅੰਸ਼ ਆਤਮਾ ਹੀ ਸੀ। ਪ੍ਰਮਾਤਮਾ ਪ੍ਰਾਪਤੀ ਦੇ ਹੱਦ ਤੋਂ ਉਰਬ ਰੈਹ ਗਏ ਜਗਿਆਸੂ ਜਨ, ਇਸ ਆਪਾ ਚੀਨਣੀ, ਆਤਮਾ ਅੰਸ ਪ੍ਰਾਪਤੀ ਵਾਲੇ ਪਦ ਨੂੰ ਹੀ, ਪਰਮ ਪਦ ਸਮਝ ਬੈਠਦੇ ਹਨ ਅਤੇ ਆਪੇ ਦੀ ਲਖਤਾ ਵਾਲੀ ਖੁਦ-ਮਸਤੀ ਵਿਚ ਹਾਲ ਮਸਤ ਹੋ ਕੇ, ਆਪ ਦੀਆਂ ਵਡਿਆਈਆਂ ਕਰੀ ਜਾਂਦੇ ਹਨ। ਦਰ ਅਸਲ ਜੋਤੀ ਸਰੂਪ ਅਕਾਲ-ਪੁਰਖ, ਪਰਮ-ਆਤਮਾ ਦੀ, ਪਰਮ ਪਦ ਪ੍ਰਾਪਤੀ ਵਾਲਾ ਜੋਤਿ ਚਸ਼ਮਾ, ਜੋਤਿ ਅੰਸੀ ਆਤਮਾ ਦਾ ਨਿਜ ਘਰ ਹੈ, ਜਿਸ ਨੂੰ ਪ੍ਰਾਪਤ ਕਰਕੇ ਹੀ, ਜੋਤੀ ਸਰੂਪੀ ਆਤਮਾ ਦਾ ਮੂਲ ਪਛਾਣੀਦਾ ਹੈ। ਜਿਥੇ ਇਹ ਖ਼ਿਆਲ ਹੈ ਕਿ ਆਪੇ ਨੇ ਆਪਾ ਪਾ ਲਿਆ, 'ਆਪਾ ਆਪੇ ਵਿਚ ਲੀਨ ਹੋ ਗਿਆ' ਓਥੇ ਸਮਝ ਲਵੋ ਕਿ ਉਹ ਰਹੈ ਖੜੋਤੇ।

ਵੇਦਾਂਤ, ਯੋਗ, ਬੁਧ ਅਤੇ ਜੈਨ ਆਦਿ ਮਤਿ, ਇਸ 'ਆਪਾ ਪਦ ਚੀਨਣ' ਤੇ ਪਹੁੰਚ, ਸਮਝ ਬੈਠਦੇ ਹਨ ਕਿ ਉਨ੍ਹਾਂ ਨੇ ਪਰਮ-ਆਤਮਾ ਨੂੰ ਚੀਨ ਲਿਆ, ਇਸ ਲਈ ਉਹ, 'ਆਪੇ ਅਤੇ ਪਰਮ-ਆਪੇ' ਦੇ ਚੱਕਰ ਵਿੱਚ ਉਲਝ ਕੇ ਰੈਹ ਖੜੋਂਦੇ ਹਨ। ਸੱਚ, ਕਿਨਾਰੇ ਹੀ ਰਹਿ ਜਾਂਦਾ ਹੈ। ਵੈਸੇ ਜੇ ਦੇਖਿਆ ਜਾਏ ਤਾਂ ਇਹ 'ਆਪਾ ਪਦ ਚੀਨਣ' ਦੀ ਖੇਡ ਭੀ ਕੋਈ ਮਾਮੂਲੀ ਉਪਲਭਦੀ ਨਹੀਂ। ਇਸ ਦਾ ਇਹ ਫਲ ਹੋ ਸਕਦਾ ਹੈ ਕਿ ਐਸੇ ਪ੍ਰਾਣੀਆਂ ਦਾ ਅਗਲਾ ਜਨਮ, ਕਿਸੀ ਗੁਰ-ਸਿੱਖ ਦੇ ਘਰ ਹੋ, ਅੰਮ੍ਰਿਤ ਦੀ ਦਾਤ ਪ੍ਰਾਪਤ ਕਰ, ਗੁਰਮਤਿ ਵਿਧੀ ਅਨੁਸਾਰ ਨਾਮ ਦੀਆਂ ਅਤੁੱਟ ਕਮਾਈਆਂ ਕਰਦੇ ਹੋਏ, 'ਚਰਨ ਕਮਲ ਕੀ ਮਉਜ' ਤੱਕ, ਪਹੁੰਚ ਪ੍ਰਾਪਤ ਕਰ ਸਕਣ। 'ਆਪਾ ਚੀਨਣੇ' ਦੀ ਪਦਵੀ ਤਕ ਤਾਂ ਉਪਰ ਲਿਖੇ ਮੱਤਾਂ ਦੀਆਂ ਵਖੋ ਵਖ ਵਿਧੀਆਂ ਦੁਆਰਾ ਭੀ ਪਹੁੰਚਿਆ ਜਾ ਸਕਦਾ ਹੈ, ਪਰ ਅੱਗੋਂ ਦਸਮ-ਦੁਆਰ ਪਹੁੰਚ, ਪਰਮ-ਆਤਮਾ ਦੀ ਲਖਤਾ ਦੀ ਲੋੜ ਕਿਸੀ ਭੀ ਹੋਰ ਮਤਿ ਨੇ ਪ੍ਰਤੀਤ ਨਹੀਂ ਕੀਤੀ। ਉਹ ਸਿਧੇ ਜਾਂ

ਅਸਿਧੇ ਤੌਰ ਤੇ 'ਅਹੰਬ੍ਰਹਮ ਅਸਮੀ' ਦੇ ਚੱਕਰ ਵਿੱਚ ਉਲਝ ਕੇ ਰਹ ਗਏ। ਸਿਰਫ ਤੇ ਸਿਰਫ ਗੁਰਮਤਿ ਨੇ ਹੀ ਦਸਮ-ਦੁਆਰ ਦੀ ਲੋੜ ਨੂੰ ਪ੍ਰਤੀਤ ਕੀਤਾ ਤੇ ਸਿਰਫ ਗੁਰਮਤਿ ਨੂੰ ਹੀ ਦਸਮ-ਦੁਆਰ ਦਾ ਰਾਹ ਤਲਾਸ਼ ਕਰਨਾ ਪਿਆ।

ਯੋਗ ਸ਼ਾਸ਼ਤ੍ਰ ਦੇ ਕਰਤਾ, ਪਾਤੰਜਲੀ ਰਿਸ਼ੀ ਜੀ ਨੇ ਯੋਗ ਦੀ ਵਿਆਖਿਆ ਕਰਦੇ ਹੋਏ ਆਖਿਆ ਕਿ 'ਯੋਗ ਚਿੱਤ ਵਿਤੀ ਨਿਰੋਧ' ਮਨ ਦੀ ਹਰਕਤ ਦੇਣ ਦਾ ਨਾਮ ਯੋਗ ਹੈ। ਪ੍ਰਾਣ ਅਤੇ ਮਨ ਦਾ ਆਪੋ ਵਿੱਚ ਐਸਾ ਸੰਬੰਧ ਹੈ ਕਿ ਇਨ੍ਹਾਂ ਵਿਚੋਂ ਕੋਈ ਭੀ ਇਕ, ਰੁਕ ਜਾਏ ਤਾਂ ਦੂਸਰਾ ਆਪਣੇ ਆਪ ਠੈਹਰ ਜਾਂਦਾ ਹੈ। ਵੇਦਾਂਤ ਨੇ 'ਸੋਚ' ਦੁਆਰਾ ਮਨ ਨੂੰ ਰੋਕਿਆ। ਯੋਗ ਨੇ 'ਪ੍ਰਾਣ' ਨੂੰ ਰੋਕ, ਮਨ ਤੇ ਕਾਬੂ ਪਾਇਆ ਤੇ ਗੁਰਮਤਿ ਨੇ ਇਸ ਮਕਸਦ ਦੀ ਪ੍ਰਾਪਤੀ ਲਈ 'ਸੁਰਤਿ ਸਬਦਿ ਭਵਸਾਗਰ ਤਰੀਐ' (੯੩੮) ਦਾ ਰਾਹ ਅਪਣਾਇਆ। ਵਖੋ ਵਖ ਰਾਹ ਅਪਣਾਉਂਦਿਆਂ ਹੋਇਆ ਭੀ, ਵੇਦਾਂਤ, ਯੋਗ ਅਤੇ ਗੁਰਮਤਿ ਨੇ ਨਿਸ਼ਾਨਾ ਇਕੋ ਹੀ ਪ੍ਰਾਪਤ ਕੀਤਾ। ਕਿਆ? ਆਤਮ ਸ਼ਾਖਸ਼ਾਤਕਾਰ।

ਗੁਰਮਤਿ ਅਨੁਸਾਰ, ਸਾਖਸ਼ਾਤਕਾਰ ਤਕ ਅਸੀਂ ਕਿਵੇਂ ਪਹੁੰਚਦੇ ਹਾਂ, ਇਸ ਬਾਰੇ ਭਾਈ ਸਾਹਿਬ ਰਣਧੀਰ ਸਿੰਘ ਜੀ ਵਿਚਾਰ, ਪੁਸਤਕ 'ਚਰਨ ਕਮਲ ਕੀ ਮਉਜ' ਵਿਚ ਇਸ ਪ੍ਰਕਾਰ ਦਰਜ ਹਨ।

*ਚਿਤਿ ਚਿਤਵਉ ਚਰਣਾਰਬਿੰਦ ਊਧ ਕਵਲ ਬਿਗਸਾਂਤ॥*
*ਅੰਗ - ੨੫੪*

ਸੁਆਸ ਸੁਆਸ ਸਿਮਰਨ ਦੇ ਰਸਨ-ਰਟਨਾਤੀ-ਪਉਣ-ਫਰਾਟੇ, ਨਾਮ ਦੇ ਮੂਧੇ ਪਏ ਕਉਲ ਨੂੰ ਸਿਧਾ ਕਰਕੇ, ਉਸ ਦੇ ਮੀਚੇ ਹੋਏ ਮੂੰਹ ਨੂੰ ਖੋਲ੍ਹ ਦਿੰਦੇ ਹਨ ਅਤੇ ਖੋਲ੍ਹ ਕੇ ਉਸ ਵਿਚ ਰਸ ਜੋਤਿ ਦੀ ਚੰਗਾੜੀ ਪਰ-ਜੁਅਲਤ ਕਰ ਦਿੰਦੇ ਹਨ। ਇਸ ਵਿਚ ਉਕਤ ਊਂਧ ਕੰਵਲ ਵਿਗਸ ਉਠਦਾ ਹੈ। ਨਾਮ-ਰਸ-ਜੋਤਿ-ਚਾਨਣੇ ਨਾਲ ਜਗਮਗ ਹੋ ਉਠਦਾ ਹੈ ਤੇ ਊਂਧ ਕੰਵਲ ਬਿਗਸਾਂਤ ਦਾ ਇਓਂ ਨਜ਼ਾਰਾ ਬਝਦਾ ਹੈ:-

*ਕੁੰਡਲਨੀ ਸੁਰਝੀ ਸਤਸੰਗਤਿ*
*ਪਰਮਾਨੰਦ ਗੁਰੂ ਮੁਖਿ ਮਚਾ॥ ਅੰਗ - ੧੪੦੨*

ਸੁਆਸ ਅਭਿਆਸੀ, ਰਸ ਰਸਨ ਫਰਾਟੀ, ਨਾਮ ਸਿਮਰਨ ਰੂਪੀ ਧੁਖਣੀ ਅੰਦਰ, ਨਾ ਸਿਰਫ ਕੰਵਲ ਨੂੰ ਸਿਧਾ ਕਰਨ ਹਿਤ ਅਤੇ ਉਸ ਦਾ ਮਿਚਿਆ ਮੂੰਹ ਖੋਹਲਣ ਹਿਤ, ਪਵਨ-ਪਵੋਸ਼ਨੀ-ਸ਼ਕਤੀ ਹੀ ਰੱਖਦੀ ਹੈ ਬਲਕਿ ਉਹ ਖਿੜ ਕੇ ਸਿੱਧੇ ਹੋਏ ਨਾਭ ਕੰਵਲ ਅੰਦਰ ਰਸ-ਜੋਤਿ ਬਿਗਾਸਨੀ ਬਿਜਲੀ ਭੀ ਪੈਦਾ ਕਰਦੀ ਹੈ। ਸੰਸਾਰ ਦੇ ਸੁਨਿਆਰਿਆਂ ਲੁਹਾਰਾਂ ਦੀਆਂ ਧੌਂਖਣੀਆਂ ਤਾਂ ਸਿਰਫ ਪਉਣ ਦਾ ਪੱਖਾ ਹੀ ਚਲਾਉਂਦੀਆਂ ਹਨ, ਆਪੋ ਅਗਨੀ ਨਹੀਂ ਉਤਪੰਨ ਕਰ ਸਕਦੀਆਂ। ਅਗਨੀ ਪ੍ਰਚੰਡ ਕਰਨ ਲਈ ਰੰਚਕ ਚੰਗਾੜੀ ਦੀ ਲੋੜ ਅਵੱਸ਼ ਪੈਂਦੀ ਹੈ। ...... ਪਰ ਸਿਮਰਨ ਅਭਿਆਸ ਰੂਪੀ ਧੌਖਣੀ ਅੰਦਰ, ਪਾਰਸ ਨਾਮ ਰੂਪੀ ਜੋਤਿ ਚੰਗਾੜੀ ਗੁਪਤ ਅੰਸ਼ ਵਿੱਚ ਪਹਿਲਾਂ ਹੀ ਮਉਜੂਦ ਹੁੰਦੀ ਹੈ। ਇਸ ਗੁਪਤ-ਜੋਤਿ-ਚੰਗਾੜੀ ਨਾਮ-ਪਾਰਸ ਵੱਟੀ ਨਾਲ ਸਪਰਸ਼ ਹੋਈ ਸੁਆਸ ਅਭਿਆਸੀ ਸਿਮਰਨ ਕਲਾ ਦੀ ਧੌਖਣੀ ਨਾ ਸਿਰਫ ਊਂਧ ਕੰਵਲ ਨੂੰ ਸਗੁਫ਼ਤ ਕਰਾਉਂਦੀ ਹੈ, ਖਿੜਾਉਂਦੀ ਹੈ ਬਲਕਿ ਨਾਭ ਕੰਵਲ ਕੋਠੜੀ ਅੰਦਰ ਜੋਤਿ ਪ੍ਰਚੰਡੀ ਉਜੀਆਰਾ ਕਰ ਦੇਣ ਨੂੰ ਭੀ ਸਮਰੱਥ ਹੈ।

ਰਸ ਰਹੰਨੜੀ ਨਾਮ ਅਭਿਆਸ ਕਮਾਈ ਦੁਆਰਾ, ਹਸ-ਜੋਤਿ-ਵਿਗਾਸੀ : ਬਿਸਮਾਦ-ਕਲਾ ਵਾਲਾ ਨਾਮ, ਹਿਰਦੇ ਅੰਦਰ ਜਦੋਂ ਪ੍ਰਗਾਸਦਾ ਹੈ ਤਾਂ ਇਸ ਦੀ ਪਕੜ, ਨਾਭ ਕੰਵਲ ਵਿਖੇ, ਜਕੜ ਜੁੜਿਆ ਸੁਆਦ ਅਹਲਾਦ ਉਤਪੰਨ ਕਰ ਦਿੰਦੀ ਹੈ। ਇਸ ਬਿਸਮਾਦੀ ਅਲਹਾਦ ਵਿਚ ਗੀਧੇ ਹੋਇ ਸੁਆਸ ਅਭਿਆਸੀ ਜਨ ਦੀ ਨਾਭੀ ਅੰਦਰ ਹੀ ਅਟਕੇ ਰਹਿੰਦੇ ਹਨ। ਇਸ ਬਿਸਮਾਦ ਸੁਆਦ ਦਾ ਰਸੀਆ ਹੋ ਕੇ ਅਭਿਆਸੀ ਜਨ ਸੁਆਸਾਂ ਨੂੰ ਸ਼ਬਦ ਅਭਿਆਸ ਦੇ ਬਲ ਨਾਲ ਆਪਣੀ ਨਾਭੀ ਵਿਖੇ ਅਟਕਾਈ ਰੱਖਦਾ ਹੈ ਅਤੇ ਸੁਰਤੀ ਨੂੰ ਸਹਿਜ ਦੀ ਗਗਨ ਦੁਆਰਾ (ਦਸਮ ਦੁਆਰ) ਵਿਖੇ ਚੜ੍ਹਾ ਲੈਂਦਾ ਹੈ। ਨਾਮ ਦਾ ਇਸ ਰਸ-ਜੋਤਿ ਵਿਗਾਸੀ ਟਿਕਾਉ ਵਿੱਚ ਨਾਭੀ ਅੰਦਰ ਅਟਕੇ ਰਹਿਣਾ, ਚਰਨ ਕੰਵਲਾਂ ਦਾ ਹਿਰਦੇ ਅੰਦਰ ਗੇਹਣਾ ਪਕੜਨਾ ਹੈ।.......... ਰਸ-ਜੋਤਿ-ਕਿਰਣ ਪ੍ਰਜੁਅਲਤ ਹੋਣ ਪਸ਼ਚਾਤ, ਸਿਮਰਨ-ਕਲਾ ਦਾ ਦੂਣੀ ਰਸ-ਰਵਸ਼ ਵਿੱਚ ਜਾਰੀ ਹੋ ਜਾਂਦੀ ਹੈ, ਅਤੇ ਸੁਤੇ ਸੁਭਾਵ, ਨਿਰਯਤਨ ਹੀ ਜਾਰੀ ਰਹਿੰਦੀ ਹੈ। ਚਰਨ ਕੰਵਲ ਦੀ ਮਉਜ-ਅਨੰਦੀ ਸੋਭਾ, ਕੇਵਲ ਲਖੀ-ਪੇਖੀ ਹੀ ਪ੍ਰਵਾਨ ਹੈ। ਕਥੀ ਵਰਨੀ ਨਹੀਂ ਜਾ ਸਕਦੀ। ਬੱਸ ਇਹ ਤਾਂ ਪੇਖਾ ਹੀ ਪ੍ਰਵਾਨ ਹੈ।

ਨਾਭੀ ਅੰਦਰ ਪ੍ਰਾਣਾਂ ਦੇ ਅਟਕਣ ਨਾਲ ਮਨ ਭੀ ਅਟਕ ਜਾਂਦਾ ਹੈ। ਮਨ ਦੇ ਅਟਕਣ ਨਾਲ ਇਸ ਦਾ ਭੀ ਗਿਆਨ ਇੰਦ੍ਰੀਆਂ ਨਾਲੋਂ ਸੰਪਰਕ ਟੁੱਟ ਜਾਂਦਾ ਹੈ। ਜਿਸ ਛਿਨ ਗਿਆਨ ਇੰਦ੍ਰੀਆਂ ਨਾਲੋਂ ਸੰਪਰਕ ਟੁੱਟਦਾ ਹੈ, ਉਸੀ ਛਿਨ, ਇਸ ਦਾ ਸੰਪਰਕ ਆਪਣੀ ਜੀਵ ਆਤਮਾ ਨਾਲ ਹੋ ਜਾਂਦਾ ਹੈ। ਜੀਵ ਆਤਮਾ, ਜੋਤੀ ਸਰੂਪ ਹੈ। ਸੁਆਸ ਨਾਭੀ ਦੇ ਰੁੱਕਣ ਨਾਲ, ਮੂਧਾ ਪਿਆ ਕੰਵਲ ਸਿਧਾ ਹੋ ਕੇ ਖਿੜ ਜਾਂਦਾ ਹੈ ਤੇ ਉਸ ਵਿੱਚ ਪ੍ਰਕਾਸ਼ ਪੈਦਾ ਹੋ ਜਾਂਦਾ ਹੈ, ਜੋ ਜੀਵ-ਆਤਮਾ ਦਾ ਪ੍ਰਕਾਸ਼ ਹੈ। ਇਹ ਪ੍ਰਕਾਸ਼ ਗਿਆਨ ਅਤੇ

ਅਨੰਦ ਦਾ ਬਹੁਤ ਵੱਡਾ ਭੰਡਾਰ ਹੈ। ਸਰੀਰ ਦੀ ਗਿਆਨ ਇੰਦ੍ਰੀਆਂ ਦੀ ਜਾਣਕਾਰੀ ਜਾਂ ਗਿਆਨ, ਘਟ ਤੋਂ ਘਟ ਤੋਂ ਵੱਧ ਤੋਂ ਵੱਧ, ਦੋ ਹੱਦਾਂ ਦੇ ਵਿਚਕਾਰ ਹੈ। ਇਸ ਲਈ ਇਹ ਗਿਆਨ ਬਹੁਤ ਹੀ ਸੀਮਤ ਗਿਆਨ ਹੁੰਦਾ ਹੈ। ਆਤਮਕ ਗਿਆਨ ਦੇ ਸਾਹਮਣੇ ਇਹ ਬਿਲਕੁੱਲ ਫੀਕ ਫੀਕਾਨਾ ਪ੍ਰਤੀਤ ਹੁੰਦਾ ਹੈ। ਜਿਸ ਛਿਨ ਨਾਭੀ ਤੇ ਪ੍ਰਕਾਸ਼ ਪੈਦਾ ਹੁੰਦਾ ਹੈ ਉਸੀ ਛਿਨ ਮਨ, ਆਤਮਕ ਗਿਆਨ ਅਤੇ ਅਨੰਦ ਵਿਚ ਮਖਸੂਰ ਹੋ, ਬਾਹਰ ਧਾਵਨ ਤੋਂ ਛੁੱਟ, ਬਿਸਰਾਮ ਕਰ ਬੈਠਦਾ ਹੈ। ਇਸ ਛਿਨ ਦੀ ਪ੍ਰਾਪਤੀ ਲਈ ਹੀ ਸਾਡੀ ਸਾਰੀ ਕੋਸ਼ਿਸ਼, ਮੇਹਨਤ ਜਾਂ ਹੰਭਲਾ ਸੀ -

*ਏਕ ਚਿੱਤ ਜਿਹ ਇਕ ਛਿਨ ਧਿਆਇਓ॥*
*ਕਾਲ ਫਾਸ ਕੇ ਬੀਚ ਨ ਆਇਓ॥ (ਅਕਾਲ ਉਸਤਤਿ)*

ਉਪਰ ਜਿਸ ਛਿਨ ਦਾ ਜ਼ਿਕਰ ਆਇਆ ਹੈ, ਇਸ ਸ੍ਰੀ ਮੁਖਵਾਕ ਵਿਚ, ਉਸੀ ਛਿਨ ਵੱਲ ਇਸ਼ਾਰਾ ਹੈ, ਜਿਸ ਛਿਨ ਮਨ ਅਟਕ, ਨਾਭੀ ਵਿੱਚ ਪ੍ਰਕਾਸ਼ ਪੈਦਾ ਹੋ ਆਪਣੀ ਆਤਮਾ ਦਾ ਗਿਆਨ ਪੈਦਾ ਹੋ ਜਾਂਦਾ ਹੈ।

*ਫਲੁ ਲਾਗਾ ਤਬ ਫੂਲੁ ਬਿਲਾਇ॥*
*ਗਿਆਨੁ ਭਇਆ ਤਹ ਕਰਮਹ ਨਾਸੁ॥ ਅੰਗ - ੧੧੯੭*

ਇਨ੍ਹਾਂ ਗੁਰਵਾਕਾਂ ਦੇ ਸਿਧਾਂਤ ਅਨੁਸਾਰ, ਸਰਬ ਸੰਚਤ ਕਰਮਾਂ ਦਾ ਨਾਸ਼ ਹੋ ਜਾਂਦਾ ਹੈ। ਕਰਮ ਹੀ ਜਨਮ ਮਰਨ ਦੇ ਗੇੜ ਦਾ ਕਾਰਨ ਹੁੰਦੇ ਹਨ। ਕਾਰਨ ਦੇ ਖਾਤਮੇ ਨਾਲ, ਜਨਮ ਮਰਨ ਦਾ ਚੱਕਰ ਮੁਕ, ਪ੍ਰਾਣੀ ਦੀ ਮੁਕਤੀ ਹੋ ਜਾਂਦੀ ਹੈ। ਹਿੰਦੂ ਮਤਿ ਵਾਲੇ ਮੁਕਤੀ ਤੇ ਸਤੁੰਸ਼ਟ ਹੋ ਬੈਠਦੇ ਹਨ ਤੇ ਗੁਰ-ਸਿਖ ਦਾ ਦਸਮ-ਦੁਆਰ ਵਿਖੇ ਪਰਮ ਆਤਮ ਦੀ ਲਖਤਾ ਤੱਕ ਦਾ ਸਫਰ ਹਾਲੇ ਜਾਰੀ ਹੈ। ਹੁਣ ਤੱਕ ਅਸੀਂ ਆਤਮ-ਲਖਤਾ ਤੱਕ ਪਹੁੰਚਦੇ ਢੰਗ ਤਰੀਕਿਆਂ ਅਤੇ ਗੁਰਮਤਿ ਅਨੁਸਾਰ ਨਾਭ ਕੰਵਲ ਦੇ ਪ੍ਰਕਾਸ਼ ਵਾਰੇ ਸੰਖੇਪ ਜਿਹੀ ਵਿਚਾਰ ਕੀਤੀ ਹੈ, ਪਰ ਲੇਖ ਦੇ ਆਰੰਭ ਵਿੱਚ ਪੈਦਾ ਹੋਏ ਦੋ ਸਵਾਲ ਤਾਂ ਹਾਲੇ ਹੱਲ ਨਹੀਂ ਹੋਏ। ਪਹਿਲਾਂ ਸਵਾਲ ਇਹ ਹੈ ਕਿ ਅੰਮ੍ਰਿਤ-ਪਾਨ ਦੀ ਲੋੜ ਕਿਉਂ ਪਈ। ਇਸਦੇ ਉੱਤਰ ਵਿੱਚ ਅਰਜ਼ ਹੈ ਕਿ ਪਰਮ-ਆਤਮਾ, ਸ਼ਕਤੀ ਹੈ। ਉਸ ਦਾ ਸਰਗੁਣ ਸਰੂਪ, ਜੋਤਿ ਅਤੇ ਨਾਮ ਭੀ ਸ਼ਕਤੀ ਹਨ। ਇਹ ਕੁਦਰਤ ਦੀ ਕਾਇਨਾਤ ਦੇ ਜ਼ੱਰੇ-ਜ਼ੱਰੇ ਅੰਦਰ ਗੁਪਤ ਰੂਪ ਵਿੱਚ ਮੌਜੂਦ ਹਨ। ਸਾਡੇ ਅੰਦਰੋਂ ਜੋਤਿ ਅਤੇ ਨਾਮ ਨੂੰ ਪ੍ਰਗਟ ਕਰਨ ਲਈ ਪਹਿਲਾਂ ਨਾਮ ਨੂੰ ਪ੍ਰਗਟ ਕਰਨਾ ਹੁੰਦਾ ਹੈ। ਨਾਮ ਨੂੰ ਪ੍ਰਗਟ ਕਰ, ਇਸ ਦੀ ਮੱਦਦ ਨਾਲ ਜੋਤਿ ਨੂੰ ਪ੍ਰਗਟ ਕੀਤਾ ਜਾਂਦਾ ਹੈ। ਨਾਮ ਨੂੰ ਪ੍ਰਗਟ ਕਰਨ ਲਈ, ਸਤਿਗੁਰੂ ਦੀ ਨਿੱਜੀ ਸਹਾਇਤਾ ਦੀ ਲੋੜ ਹੁੰਦੀ ਹੈ।

*ਹਉ ਬਲਹਾਰੀ ਸਤਿਗੁਰ ਅਪੁਨੇ*
*ਜਿਨ ਗੁਪਤੁ ਨਾਮ ਪਰਗਾਝਾ॥ ਅੰਗ - ੬੯੭*

ਗੁਰਦੀਖਿਆ ਜਾਂ ਅੰਮ੍ਰਿਤ-ਪਾਨ ਕੀ ਹੁੰਦਾ ਹੈ? ਨਿਰੀ ਨਾਮ ਅਭਿਆਸ ਦੀ ਥੱਰਰਾਟ, ਅੰਤਰ ਆਤਮੇ ਚੱਲ ਪੈਂਦੀ ਹੈ। ਇਸ ਗੁਰ ਦੀਖਿਆ ਮਿਲੇ ਬਿਨਾਂ, ਨਾਮ ਅਭਿਆਸ ਦੀ ਨਿਰਗੁਣੀ ਥਰਾਟ ਦੇ ਅੰਤਰ ਆਤਮੇ ਉਪਜਦੀ ਹੀ ਨਹੀਂ। ਨਾਮ ਦੀ ਥੱਰਰਾਟ ਅੰਤਰ ਆਤਮੇ ਉਪਜੇ ਬਿਨਾਂ, ਸਾਸ ਗਿਰਾਸ ਅਤੇ ਸੁੱਤੇ ਪਿਆ ਨਾਮ ਦਾ ਅਭਿਆਸ ਜਾਰੀ ਨਹੀਂ ਰਹਿੰਦਾ। ਨਤੀਜਾ, ਨਾਮ ਦੀ ਅਤੁੱਟ ਕਮਾਈ ਨਹੀਂ ਹੁੰਦੀ। ਨਾਮ ਦੀ ਅਤੁੱਟ ਕਮਾਈ ਤੋਂ ਬਗੈਰ ਦਸਮ-ਦੁਆਰ ਨਹੀਂ ਖੁੱਲ੍ਹਦਾ, ਦਸਮ-ਦੁਆਰ ਖੁੱਲ੍ਹੇ ਬਿਨਾਂ, ਪਰਮ-ਆਤਮਾ ਦੀ ਲਖਤਾ ਨਹੀਂ ਹੁੰਦੀ। ਇਸ ਲਈ ਪਰਮ-ਆਤਮਾ ਲਖਤਾ ਲਈ ਅੰਮ੍ਰਿਤ-ਪਾਨ ਇਕ ਬਹੁਤ ਜ਼ਰੂਰੀ ਅਤੇ ਬੁਨਿਆਦੀ ਸੂਰਤ ਹੈ। ਨਾਮ ਦੀ ਅਤੁੱਟ ਕਮਾਈਆਂ ਕਰਕੇ ਪਹਿਲਾਂ 'ਊਂਧ ਕਵਲ ਬਿਗਸਾਂਤ' (੨੫੪) ਨਾਭੀ ਤੇ ਮੂਧਾ ਪਿਆ ਕੰਵਲ ਖਿੜਦਾ ਹੈ। ਕੰਵਲ ਦੇ ਖਿੜਨ ਤੇ 'ਪ੍ਰਕਾਸ਼ ਭਇਆ ਕੌਲ ਖਿਲਿਆ' (੨੪੯) ਇਸ ਵਿੱਚ ਪ੍ਰਕਾਸ਼ ਪੈਦਾ ਹੋ ਜਾਂਦਾ ਹੈ, ਇਹ ਪ੍ਰਕਾਸ਼ ਆਤਮਾ ਦਾ ਹੈ ਜੋ ਕੁਝ ਸੂਰਜਾਂ ਦੇ ਪ੍ਰਕਾਸ਼ ਸਮਾਨ ਹੁੰਦਾ ਹੈ। ਸਤਿਗੁਰੂ ਤੋਂ ਗੁਰਦੀਖਿਆ ਜਾਂ ਅੰਮ੍ਰਿਤ-ਪਾਨ ਸਬੰਧੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਹੇਠ ਲਿਖੇ ਪੁਸਤਕ 'ਨਾਮ ਤੇ ਨਾਮ ਦਾ ਦਾਤਾ ਸਤਿਗੁਰੂ' ਵਿਚੋਂ ਪੇਸ਼ ਕੀਤੇ ਜਾਂਦੇ ਹਨ। ਇਸ ਸਿਮਰਨ ਨੂੰ ਅਰਥਾਤ ਗੁਰਮਤਿ ਦੇ ਨਾਮ ਦੇ ਸਿਮਰਨ ਨੂੰ ਕੇਵਲ ਸਤਿਗੁਰੂ ਤੋਂ ਪਾ ਕੇ ਹੀ 'ਸਦਾ ਸਦਾ ਸਿਮਰਿ ਦਿਨੁ ਰਾਤਿ॥ ਊਠਤ ਬੈਠਤ ਸਾਸਿ ਗਿਰਾਸਿ॥' (੯੭੧) ਸਿਮਰਿਆ ਜਾ ਸਕਦਾ ਹੈ, ਐਵੇਂ ਨਹੀਂ। ਕੇਵਲ ਸਤਿਗੁਰੂ ਤੋਂ ਗੁਰਮੰਤ੍ਰ ਪ੍ਰਾਪਤ ਕਰਕੇ ਇਸ ਸਿਮਰਨ ਦਾ ਜਾਗਦਿਆਂ ਅਤੇ ਸੁਤਿਆਂ ਪਿਆ ਹੀ ਰਸ ਭੋਗ ਸਕੀਦਾ ਹੈ ... ਮੋਖ ਮੁਕਤ ਮਈ ਕਲਿਆਨ ਕਾਰਨ ਵਾਹਿਗੁਰੂ ਨਾਮ, ਤਿਸ ਵਡ-ਭਾਗੇ ਗੁਰਮੁਖ ਜਨ ਦੇ ਹਿਰਦੇ ਵਿਚ ਪ੍ਰਕਾਸ਼ਤ ਹੋਣਾ ਹੈ ਜਿਸ ਨੂੰ ਧੁਰ ਦਰਗਾਹੋਂ ਨਾਮ ਵਡਿਆਈ ਦੀ ਸੱਚੀ ਮਹਿਮਾ ਗੁਰੂਦੁਆਰਿਓਂ ਦੀਖਤ ਹੋ ਚੁੱਕੀ ਹੋਵੇ, ਗੁਰਮਤਿ ਨਾਮ ਦੀ ਮਹਿਮਾ ਮਈ ਗੁਰਦੀਖਿਆ ਧੁਰੋਂ ਆਏ, ਧੁਰੋਂ ਪਠਾਏ ਨਾਮ ਦੁਆਰਾ, ਜੋਤਿ ਪ੍ਰਫੁੱਲਤ ਅਹਿਸਾਸ ਕੇਵਲ ਗੁਰਦੀਖਿਆ ਦੁਆਰਾ ਦ੍ਰਿੜਾਇਆ, ਨਿਰੰਕਾਰ ਵਾਹਿਗੁਰੂ ਦੀ ਦਰਗਾਹ ਤੋਂ ਆਇਆ, ਗੁਰ-ਮੰਤ੍ਰ ਰੂਪੀ ਨਾਮ, ਆਪਣੀ ਜੋਤਿ-ਕਲਾ ਪ੍ਰਗਟਾਉਂਦਿਆਂ ਕਦੇ ਵੀ ਆਲ੍ਹਾ ਨਹੀਂ ਜਾ ਸਕਦਾ...... ਗੁਰਮਤਿ ਨਾਮ, ਅਰਥਾਤ ਵਾਹਿਗੁਰੂ ਦਾ ਅਭਿਆਸ ਊਠਤ, ਬੈਠਤ, ਸੋਵਤ ਜਾਗਤ, ਸਾਸ ਗਿਰਾਸ ਹੋ ਸਕਦਾ ਹੈ, ਰਸਨਾ (ਜੀਭ) ਦੁਆਰਾ ਅਥਵਾ ਸੁਆਸਾਂ ਤੇ ਸੁਰਤੀ ਦੁਆਰਾ।

ਹੁਣ ਰਿਹਾ ਦੂਸਰਾ ਸਵਾਲ ਅਰਥਾਤ ਅਰਧ-ਉਰਧੀ ਸੁਆਸ ਗਿਰਾਸ ਨਾਮ ਅਭਿਆਸ ਦੀ ਵਿਧੀ। ਇਸ ਸਵਾਲ ਦੇ ਉੱਤਰ ਲਈ ਥੋੜ੍ਹਾ ਰਹਿਰਾਈ ਵਿੱਚ ਜਾਣਾ ਪਵੇਗਾ। ਗੁਰਮਤਿ ਨਾਮ ਅਭਿਆਸ ਕਮਾਈ ਦੀ ਜੁਗਤੀ Double fold ਜਾਂ ਦੋਹਰੀ ਜੁਗਤੀ ਹੈ ਜਦੋਂ ਕਿ ਵੇਦਾਂਤ, ਯੋਗ, ਬੁਧ ਜਾਂ ਜੈਨ ਆਦਿ ਮੱਤਾਂ ਦੀਆਂ ਜੁਗਤੀਆਂ Single fold ਜਾਂ ਇਕਹਿਰੀਆਂ ਜੁਗਤੀਆਂ ਹਨ। ਇਕਹਿਰੀ ਤੇ ਦੋਹਰੀ ਜੁਗਤੀ ਦਾ ਭਾਵ ਇਹ ਹੈ ਕਿ ਹਿੰਦੂ ਮੱਤਾਂ ਦਾ ਜਿੰਦਗੀ ਦਾ ਨਿਸ਼ਾਨਾ, ਜਨਮ-ਮਰਨ ਤੋਂ ਮੁਕਤੀ ਪ੍ਰਾਪਤ ਕਰਨਾ ਹੈ। ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਉਹ ਆਪਣੀ ਆਤਮਾ ਦਾ ਸਾਖਸ਼ਾਤਕਾਰ ਕਰਦੇ ਹਨ। ਇਸ ਉਪਰੰਤ ਜਨਮ ਮਰਨ ਦਾ ਚੱਕਰ ਮੁਕ, ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਆਤਮਾ ਦੇ ਪ੍ਰਕਾਸ਼ ਨੂੰ ਪਰਮ-ਆਤਮਾ ਦਾ ਪ੍ਰਕਾਸ਼ ਮੰਨਦੇ ਹਨ। ਇਸ ਲਈ ਮੈਂ ਹੀ ਬ੍ਰਹਮ ਹਾਂ (ਅਹੰਬ੍ਰਹਮ ਅਸਮੀ) ਦਾ ਐਲਾਨ ਕਰ, ਆਪੂੰ ਹੀ ਬ੍ਰਹਮ ਬਣ ਬੈਠਦੇ ਹਨ।

ਗੁਰਮਤਿ ਨੂੰ ਦੋਹਰੀ ਜਾਂ Double fold ਜੁਗਤੀ ਇਸ ਲਈ ਆਖਿਆ ਹੈ ਕਿ ਇਸ ਵਿੱਚ ਇਕ ਤਾਂ ਹਿੰਦੂਆਂ ਵਾਂਗੂੰ, ਆਤਮਾ ਨੂੰ ਸਾਖਸ਼ਾਤ ਕਰਨਾ ਹੁੰਦਾ ਹੈ, ਭਾਵੇਂ ਉਨ੍ਹਾਂ ਦਾ ਰਸਤਾ ਹੋਰ ਤੇ ਗੁਰਮਤਿ ਦਾ ਹੋਰ ਹੈ। ਦੂਸਰੇ, 'ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨਿ।' (੧੪੨੭) ਦੇ ਨਿਸ਼ਾਨੇ ਨੂੰ ਪ੍ਰਾਪਤ ਕਰਨ ਲਈ, ਪਰਮ-ਆਤਮਾ ਦੀ ਲਖਤਾ ਜ਼ਰੂਰੀ ਹੈ। ਆਤਮਾ ਦਾ ਪ੍ਰਕਾਸ਼ ਨਾਭ ਕੰਵਲ ਤੇ ਹੁੰਦਾ ਹੈ, ਜੋ ਕੁਝ ਸੂਰਜਾਂ ਦੇ ਪ੍ਰਕਾਸ਼ ਸਮਾਨ ਹੁੰਦਾ ਹੈ, ਤੇ ਪਰਮ-ਆਤਮਾ ਦਾ ਪ੍ਰਕਾਸ਼, ਦਸਮ-ਦੁਆਰ ਵਿਖੇ ਹੁੰਦਾ ਹੈ ਜੋ ਕਰੋੜਾਂ ਸੂਰਜਾਂ ਦੇ ਪ੍ਰਕਾਸ਼ ਸਮਾਨ ਹੁੰਦਾ ਹੈ, ਜਿਸ ਨੂੰ ਕਲਗੀਧਰ ਜੀ ਨੇ 'ਪੂਰਨ ਜੋਤਿ ਜਗੈ ਘਟ ਮੈਂ" ਕਰਕੇ ਬਿਆਨ ਕੀਤਾ ਹੈ। ਚੂੰਕਿ ਗੁਰਮਤਿ ਵਿਚ ਵੱਖੋ ਵੱਖ ਨਿਸ਼ਾਨੇ, ਆਤਮ-ਲਖਤਾ ਅਤੇ ਪਰਮ-ਆਤਮ ਲਖਤਾ, ਪ੍ਰਾਪਤ ਕਰਨੇ ਹੁੰਦੇ ਹਨ, ਇਸ ਲਈ ਗੁਰਮਤਿ ਜੁਗਤੀ ਨੂੰ Double fold ਜਾਂ ਦੋਹਰੀ ਜੁਗਤੀ ਦਾ ਨਾਮ ਦਿੱਤਾ ਹੈ। ਆਤਮ-ਲਖਤਾ ਉਪਰੰਤ, ਸਾਡਾ ਅਗਲਾ ਸਫਰ ਦਸਮ-ਦੁਆਰ ਵਲੋਂ ਸ਼ੁਰੂ ਹੁੰਦਾ ਹੈ। ਇਸ ਦਾ ਆਪਣਾ ਵੱਖਰਾ ਰਾਹ ਹੈ। ਇਸ ਰਾਹ ਤੇ ਚੱਲਣ ਦੇ ਢੰਗ ਤਰੀਕੇ ਭੀ ਵੱਖਰੇ ਹਨ। ਆਤਮ-ਲਖਤਾ ਵਿਚ ਸਾਡਾ ਸਾਰਾ ਜੋਰ, ਮਨ ਦੀ ਇਕਾਗਰਤਾ ਤੇ ਹੁੰਦਾ ਹੈ। ਪਰਮ-ਆਤਮਾ ਦੀ ਲਖਤਾ ਲਈ ਸਾਡਾ ਸਾਰਾ ਜ਼ੋਰ ਰੀੜ੍ਹ ਦੀ ਹੱਡੀ ਦੇ ਨਿਚਲੇ ਸਿਰੇ ਤੋਂ 'ਆਤਮਕ-ਸ਼ਕਤੀ' (Mind Energy) ਨੂੰ ਚੁੱਕ ਕੇ, ਦਸਮ-ਦੁਆਰ ਪਹੁੰਚਾ, ਪਰਮ-ਆਤਮ ਸ਼ਕਤੀ ਦੇ ਨਾਲ ਮਿਲਾਪ ਕਰਾਉਣ ਤੇ ਹੁੰਦਾ ਹੈ।

***(ਪੰਨਾ 17 ਦੀ ਬਾਕੀ)***

ਬਣ ਗਿਆ, ਕੋਈ ਨਾਗ, ਕੋਈ ਮੂੰਹ 'ਚੋਂ ਅੱਗ ਕੱਢਣ ਲੱਗਾ। ਭੰਗਰਨਾਥ ਨੇ ਤਾਰੇ ਤੋੜੇ, ਕਿਸੇ ਨੇ ਮਿਰਗਾਨੀ ਤੇ ਆਸਣ ਜਮਾਇਆ ਪਰ ਅਗੋਂ ਗੁਰੂ ਸਾਹਿਬ ਨੇ ਇਸ ਹੋਛੇਪਣ ਦਾ ਟਾਕਰਾ ਹੋਛੇਪਨ ਨਾਲ ਨਾ ਕਰਦਿਆਂ ਹੋਇਆਂ 'ਸਤਿਨਾਮ' ਦੀ ਵਡਿਆਈ ਦਸਦਿਆਂ ਜੋਗੀਆਂ ਨੂੰ ਇਉਂ ਉਪਦੇਸ਼ਿਆ -

***ਏਵਡੁ ਵਧਾ ਮਾਵਾ ਨਾਹੀ,***
***ਸਭਸੈ ਨਥਿ ਚਲਾਈ॥***
***ਏਤਾ ਤਾਣੁ ਹੋਵੈ ਮਨ ਅੰਦਰਿ,***
***ਕਰੀ ਭਿ ਆਖਿ ਕਰਾਈ॥***
***ਜੇਵਡੁ ਸਾਹਿਬੁ ਤੇਵਡ ਦਾਤੀ,***
***ਦੇ ਦੇ ਕਰੇ ਰਜਾਈ॥***
***ਨਾਨਕ ਨਦਰਿ ਕਰੇ ਜਿਸੁ ਉਪਰਿ,***
***ਸਚਿ ਨਾਮਿ ਵਡਿਆਈ॥੧॥*** ***ਅੰਗ - ੧੪੭***

ਜਦੋਂ ਗੁਰੂ ਸਾਹਿਬ ਮੁਲਤਾਨ ਗਏ ਤਾਂ ਉਥੇ ਪਹਿਲਾਂ ਹੀ ਬੜੇ ਦਰਵੇਸ਼ ਸਨ। ਉਹਨਾਂ ਨੂੰ ਗੁਰੂ ਜੀ ਦਾ ਆਉਣਾ ਆਪਣੇ ਹਿੱਤਾਂ ਦੇ ਪ੍ਰਤੀਕੂਲ ਲੱਗਾ ਤਾਂ ਉਹਨਾਂ ਦੁੱਧ ਦਾ ਛੰਨਾ ਭਰ ਕੇ ਭੇਜ ਦਿੱਤਾ। ਨਾਟਕੀ ਢੰਗ ਦੇ ਪ੍ਰਤੀਕ-ਕਲਾਕਾਰ ਗੁਰੂ ਜੀ ਨੇ ਦੁੱਧ 'ਤੇ ਇਕ ਚੰਬੇਲੀ ਦਾ ਫੁੱਲ ਰੱਖ ਕੇ ਉਹਨਾਂ ਦੇ ਪ੍ਰਸ਼ਨ ਦਾ ਉੱਤਰ ਦੇ ਦਿੱਤਾ। ਭਾਈ ਗੁਰਦਾਸ ਜੀ ਨੇ ਇਸ ਝਾਕੀ ਨੂੰ ਇਉਂ ਬਿਆਨ ਕੀਤਾ ਹੈ, 'ਬਾਬੇ ਕਢਿ ਕਰਿ ਬਗਲ ਤੇ, ਚੰਬੇਲੀ ਦੁੱਧ ਵਿੱਚ ਮਿਲਾਈ॥ ਜਿਉ ਸਾਗਰ ਵਿੱਚ ਗੰਗ ਸਮਾਈ॥' (ਵਾਰ ੧, ਪਉੜੀ ੪੪) ਵਾਪਸ ਕਰਤਾਰਪੁਰ ਆਏ ਤਾਂ ਲਹਿਣਾ ਜੀ ਨਾਲ ਮੇਲ ਹੋਇਆ ਤੇ ਬਾਬਾ ਜੀ ਨੇ ਕਿਹਾ ਜੇ ਤੂੰ ਲਹਿਣਾ ਏ ਤਾਂ ਸਾਥੋਂ ਆਪਣਾ ਲਹਿਣਾ ਲੈ ਲੈ, ਸਾਡੇ ਸਿਰ ਤੇ ਜੋ ਕਰਜ ਹੈ, ਉਹ ਚੁਕਾ ਕੇ ਵਿਹਲੇ ਹੋ ਜਾਈਏ। ਲਹਿਣਾ ਜੀ ਨੂੰ ਠੋਕ-ਵਜਾਕੇ, ਪਰਖ ਕੇ, ਜਦੋਂ ਆਪਣਾ ਪੂਰਨ ਉਤਰਾਧਿਕਾਰੀ ਜਾਣਿਆ ਤਾਂ ਲਹਿਣੇ ਤੋਂ ਅੰਗਦ ਬਣਾ ਲਿਆ ਅਤੇ ਆਪਣੇ ਆਪ ਨੂੰ ਲਹਿਣੇ ਵਿੱਚ ਅਭੇਦ ਕਰ ਲਿਆ ਤੇ ਜੋਤ ਜੋਤ ਵਿੱਚ ਰਲ ਗਈ।

ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਆਪਣਾ ਸਮੁੱਚਾ ਜੀਵਨ 'ਜਗਤ ਜਲੰਦੇ' ਨੂੰ ਸ਼ਾਂਤੀ ਪ੍ਰਦਾਨ ਕਰਨ ਵਿੱਚ ਲਗਾ ਦਿੱਤਾ।

ਆਪ ਦੇ ਪ੍ਰਚਾਰ-ਢੰਗ ਨਿਰੋਲ ਨਿਜੀ, ਰੌਚਿਕ, ਮੌਲਿਕ ਤੇ ਨਾਟਕੀ ਸਨ।

# ਵਾਰ ਮਾਰੂ ਡਖਣੇ

*(ਗੁਰਪੁਰਵਾਸੀ ਭਾਈ ਜੋਗਿੰਦਰ ਸਿੰਘ ਜੀ)*

*ਡਖਣੇ ਮ: ੫॥*
*ਜਿਨਾ ਪਿਛੈ ਹਉ ਗਈ, ਸੇ ਮੈ ਪਿਛੈ ਭੀ ਰਵਿਆਸੁ॥*
*ਜਿਨਾ ਕੀ ਮੈ ਆਸੜੀ, ਤਿਨਾ ਮਹਿਜੀ ਆਸ॥੧॥*
*ਗਿਲੀ ਗਿਲੀ ਰੋਡੜੀ, ਭਉਦੀ ਭਵਿ ਭਵਿ ਆਇ॥*
*ਜੋ ਬੈਠੇ ਸੇ ਫਾਥਿਆ, ਉਬਰੇ ਭਾਗ ਮਥਾਇ॥੨॥*
*ਡਿਠਾ ਹਭ ਮਝਾਹਿ॥ ਖਾਲੀ ਕੋਇ ਨ ਜਾਣੀਐ॥*
*ਤੈ ਸਖੀ ਭਾਗ ਮਥਾਹਿ, ਜਿਨੀ ਮੇਰਾ ਸਜਣੁ ਰਾਵਿਆ॥੩॥*

ਉਚਾਰਣ : ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ ਹੈ :

ਹਉ-ਮੈਂ। ਜਿਨਾ-ਜਿਹੜਿਆਂ। ਤਿਨਾ-ਉਨ੍ਹਾਂ। ਜਿਨਾ, ਤਿਨਾ-'ਨ' ਉਚਾਰਣ ਭਾਰਾ॥ ਭਉਦੀ-'ਉ' ਉਚਾਰਣ ਨਾਸਕੀ। ਤੈ-ਉਚਾਰਣ ਨਾਸਕਤਾ ਬਿਨਾਂ।

ਪਦ ਅਰਥ : ਸੇ-ਉਹ (ਬਹੁ-ਵਚਨ)। ਰਵਿਆਸੁ-ਟੁਰੇ ਫਿਰਦੇ ਹਨ। ਆਸੜੀ-ਆਸ। ਮਹਿਜੀ-ਮੇਰੀ।੧। ਗਿਲੀ ਗਿਲੀ-ਸਿਲ੍ਹ ਕਾਰਨ ਚਿਪ ਚਿਪ ਕਰਦੀ। ਰੋਡੜੀ-ਰੋੜੀ (ਗੁੜ ਦੀ)। ਭਉਦੀ-ਭਉਣ ਵਾਲੀ (ਮੱਖੀ)। ਭਵਿ ਭਵਿ-ਭਉਂ ਭਉਂ ਕੇ। ਸੋ ਫਾਥਿਆ-ਉਹ ਫਸ ਗਏ। ਉਬਰੇ-ਬਚ ਗਏ। ਭਾਗ ਮਥਾਇ-ਮੱਥੇ ਉਤੇ ਚੰਗੇ ਭਾਗ।੨।

ਹਭ ਮਝਾਹਿ-ਸਭਨਾਂ ਵਿਚ। ਤੇ ਸਖੀ-ਤਿਨ੍ਹਾਂ ਸਖੀਆਂ ਦੇ। ਭਾਗ ਮਥਾਹਿ-ਮੱਥੇ ਉਤੇ ਚੰਗੇ ਭਾਗ ਹਨ। ਰਾਵਿਆ-ਭੋਗਿਆ, ਮਾਣਿਆ।੩।

ਅਰਥ : ਜਿਨ੍ਹਾਂ ਮਨੁੱਖਾਂ ਦੇ ਮਗਰ ਮੈਂ (ਆਪਣੀ ਗਰਜ਼-ਪੂਰਤੀ ਲਈ) ਗਈ, (ਮੈਨੂੰ ਹੈਰਾਨੀ ਹੋਈ ਕਿ) ਉਹ (ਆਪਣੀ ਗਰਜ਼-ਪੂਰਤੀ ਲਈ) ਸਗੋਂ ਮੇਰੇ ਪਿਛੇ ਫਿਰਦੇ ਹਨ।

ਜਿਨ੍ਹਾਂ ਦੀ ਮੈਂ (ਔਖੇ ਵੇਲੇ ਸਹਾਇਤਾ ਦੀ) ਆਸ ਰਖੀ ਹੋਈ ਸੀ (ਮੈਂ ਵੇਖਿਆ) ਉਨ੍ਹਾਂ ਨੂੰ ਸਗੋਂ ਮੇਰੀ ਆਸ ਲੱਗੀ ਹੋਈ ਹੈ।੧।

ਭਾਵ -

*ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ॥੧॥੧੪॥*
*(ਸੁਖਮਨੀ ਸਾਹਿਬ)*

ਚਿਪ ਚਿਪ ਕਰਦੀ (ਸਿਲ੍ਹ ਕਾਰਨ) ਰੋੜੀ ਉਤੇ (ਮਿਠਾਸ ਦੀ ਚਸਕਾਲੂ) ਮੱਖੀ ਉਡ ਉਡ ਆਉਂਦੀ ਹੈ। (ਗੁੜ ਦੀ ਗਿੱਲੀ ਰੋੜੀ ਵਾਂਗ ਹੀ ਮਾਇਆ ਹੈ, ਜਿਸ ਉਤੇ ਮਨੁੱਖ ਦੀ ਲੋਭੀ ਬਿਰਤੀ ਫਿਰ ਫਿਰ ਲਪਟਾਇਮਾਨ ਹੁੰਦੀ ਹੈ।

ਜੋ ਜੋ ਜੀਵ (ਇਸ ਫਾਂਧਕ-ਮਾਇਆ ਦੇ ਚਸਕਿਆਂ ਤੇ) ਆ ਟਿਕਦੇ ਹਨ, ਉਹ ਫਸ ਜਾਂਦੇ ਹਨ। ਬਚਦੇ ਕੇਵਲ ਉਹ ਹਨ ਜਿਨ੍ਹਾਂ ਦੇ ਮੱਥੇ ਤੇ ਚੰਗੇ ਭਾਗ (ਧੁਰੋਂ ਲਿਖੇ) ਹੁੰਦੇ ਹਨ।੨।

ਵੇਖਿਆ ਹੈ ਕਿ (ਪ੍ਰਭੂ) ਸਭਨਾਂ ਵਿੱਚ (ਵਿਆਪਕ) ਹੈ, (ਉਸ ਦੀ ਵਿਆਪਕ ਹੋਂਦ ਤੋਂ) ਸਖਣਾ ਕੋਈ ਨਹੀਂ ਜਾਣੀਦਾ। ਤਿਸੁ ਤਿਸ ਸਖੀ ਦੇ ਮੱਥੇ ਉਤੇ ਚੰਗੇ ਭਾਗ (ਪ੍ਰਗਟ ਹੁੰਦੇ) ਹਨ, ਜਿਸ ਜਿਸ ਨੇ (ਅੰਦਰ ਵਸਦਾ) ਸੱਜਣ-ਪ੍ਰਭੂ ਆਪਣਾ ਜਾਣ ਕੇ (ਅੰਤਰ-ਆਤਮੇ) ਮਾਣਿਆ (ਭੋਗਿਆ) ਹੈ।੩।

*ਪਉੜੀ॥*
*ਹਉ ਢਾਢੀ ਦਰਿ ਗੁਣ ਗਾਵਦਾ, ਜੇ ਹਰਿ ਪ੍ਰਭ ਭਾਵੈ॥*
*ਪ੍ਰਭੁ ਮੇਰਾ ਥਿਰ ਥਾਵਰੀ, ਹੋਰ ਆਵੈ ਜਾਵੈ॥*
*ਸੋ ਮੰਗਾ ਦਾਨੁ ਗੋੁਸਾਈਆ, ਜਿਤੁ ਭੁਖ ਲਹਿ ਜਾਵੈ॥*
*ਪ੍ਰਭ ਜੀਉ ਦੇਵਹੁ ਦਰਸਨੁ ਆਪਣਾ, ਜਿਤੁ ਢਾਢੀ ਤ੍ਰਿਪਤਾਵੈ॥*
*ਅਰਦਾਸਿ ਸੁਣੀ ਦਾਤਾਰਿ ਪ੍ਰਭਿ, ਢਾਢੀ ਕਉ ਮਹਲਿ ਬੁਲਾਵੈ॥*

*ਪ੍ਰਭ ਦੇਖਦਿਆ ਦੁਖ ਭੁਖ ਗਈ, ਢਾਢੀ ਕਉ ਮੰਗਣੁ ਚਿਤਿ ਨ ਆਵੈ॥*
*ਸਭੇ ਇਛਾ ਪੂਰੀਆ, ਲਗਿ ਪ੍ਰਭ ਕੈ ਪਾਵੈ॥*
*ਹਉ ਨਿਰਗੁਣੁ ਢਾਢੀ ਬਖਸਿਓਨੁ ਪ੍ਰਭਿ ਪੁਰਖਿ ਵੇਦਾਵੈ॥੯॥*

ਉਚਾਰਣ : ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ ਹੈ :

ਮੰਗਾ-ਮੈਂ ਮੰਗਦਾ ਹਾਂ। ਦੇਖਦਿਆ-ਦਰਸ਼ਨ ਕਰਦਿਆਂ। ਇਛਾ-ਮਨੋ-ਕਾਮਨਾ। ਪੂਰੀਆ-ਪੂਰੀਆਂ ਹੋ ਗਈਆਂ। ਗਾਵਦਾ-'ਗਾ' ਉਚਾਰਣ ਨਾਸਕੀ। ਗੋਸਾਈਆ-'ਈ' ਉਚਾਰਣ ਨਾਸਕੀ। ਇਹ ਨਾਸਕਤਾ ਸ਼ਬਦ ਦੇ ਅੰਤਲੇ ਸ੍ਵਰ ਨੂੰ ਵੀ ਪ੍ਰਭਾਵਤ ਕਰਦੀ ਹੈ।

ਪਦ ਅਰਥ : ਹਉ-ਮੈਂ। ਢਾਢੀ-ਗਾ ਕੇ ਕੀਰਤੀ ਕਰਨ ਵਾਲਾ। ਦਰਿ-ਪ੍ਰਭੂ ਦੇ ਦਰ ਉਤੇ। ਥਿਰ ਥਾਵਰੀ-ਸਦਾ ਸਥਿਰ ਟਿਕਾਣੇ ਵਾਲਾ। ਹੋਰ-ਬਾਕੀ ਲੁਕਾਈ। ਆਵੈ ਜਾਵੈ-ਆਉਂਦੀ ਜਾਂਦੀ (ਜਮਦੀ ਮਰਦੀ ਹੈ)। ਜਿਤੁ…ਜਿਸ ਸਦਕਾ। ਤ੍ਰਿਪਤਾਵੈ-ਪੂਰੀ ਤਰ੍ਹਾਂ ਰਜ ਜਾਵੇ। ਅਰਦਾਸਿ-ਜੋਦੜੀ। ਦਾਤਾਰਿ ਪ੍ਰਭਿ-ਦਾਤੇ ਪ੍ਰਭੂ ਨੇ। ਮਹਿਲ-ਮਹਿਲ ਵਿਚ। ਲਗ ਪ੍ਰਭ ਕੈ ਪਾਵੈ-ਪ੍ਰਭੂ ਦੇ ਚਰਨੀਂ ਲਗ ਕੇ। ਨਿਰਗੁਣ-ਗੁਣ-ਹੀਣਾ। ਬਖਸਿਓਨੁ-ਉਸ (ਪ੍ਰਭੂ) ਨੇ ਬਖਸ਼ ਦਿਤਾ। ਪ੍ਰਭਿ ਪੁਰਖਿ-ਪ੍ਰਭੂ ਪੁਰਖ ਨੇ। ਵੇਦਾਵੈ-ਦਾਵੇ-ਹੀਣ, ਨਿਮਾਣੇ ਨੂੰ।

ਅਰਥ : ਮੈਂ ਢਾਢੀ ਪ੍ਰਭੂ-ਦਰ ਉਤੇ (ਬੈਠਾ) ਉਸ ਦੇ ਗੁਣ ਗਾਉਂਦਾ ਹਾਂ। ਭਲਾ! ਜੇ ਹਰੀ-ਪ੍ਰਭੂ ਨੂੰ (ਮੇਰੀ ਘਾਲਣਾ) ਕਬੂਲ ਹੋ ਜਾਵੇ।

ਮੇਰਾ ਪ੍ਰਭੂ ਸਦਾ-ਥਿਰ ਟਿਕਾਣੇ ਵਾਲਾ (ਸੱਚ ਸਰੂਪ ਵਾਲਾ) ਹੈ, ਹੋਰ ਸਾਰੀ ਲੁਕਾਈ ਆਉਂਦੀ ਜਾਂਦੀ (ਜੰਮਦੀ ਮਰਦੀ) ਰਹਿੰਦੀ ਹੈ।

ਹੇ ਵਿਸ਼ਵ-ਸੰਸਾਰ ਦੇ ਮਾਲਕ। ਮੈਂ ਅਜਿਹਾ ਦਾਨ ਮੰਗਦਾ ਹਾਂ ਜਿਸ ਨਾਲ ਮੇਰੀ ਸਾਰੀ ਭੁੱਖ (ਮੰਗਣ ਦੀ ਲਾਲਸਾ) ਮਿਟ ਜਾਵੇ।

ਮਾਲਕ ਪ੍ਰਭੂ ਜੀ! ਆਪਣਾ ਮੁਬਾਰਕ ਦਰਸ਼ਨ ਬਖਸ਼ੋ, ਜਿਸ ਸਦਕਾ ਆਪ ਦਾ ਢਾਢੀ (ਸਿਫ਼ਤਿ-ਸਾਲਾਹ ਕਰਨ ਵਾਲਾ, ਕੀਰਤਨੀਆ) ਪੂਰਨ ਤੌਰ ਤੇ ਤ੍ਰਿਪਤ ਹੋ ਜਾਵੇ।

ਦਾਤੇ-ਪ੍ਰਭੂ ਨੇ ਜੋਦੜੀ ਸੁਣ ਲਈ ਅਤੇ ਢਾਢੀ ਨੂੰ ਆਪਣੇ ਨਿਜ-ਮਹਿਲ ਵਿਚ ਬੁਲਾ ਲਿਆ।

ਪ੍ਰਭੂ ਦੇ ਦੀਦਾਰ ਕਰਦਿਆਂ ਹੀ (ਮੈਂ ਢਾਢੀ) ਦੀ ਦੁਖਦਾਈ ਭੁਖ (ਮੰਗਣ ਦੀ ਲਾਲਸਾ) ਮਿਟ ਗਈ। (ਪ੍ਰਭੂ-ਦਰਸ਼ਨ ਸਦਕਾ ਪੂਰਨ ਤ੍ਰਿਪਤੀ ਹੋ ਗਈ) ਢਾਢੀ ਨੂੰ (ਹੋਰ ਕੁਝ) ਮੰਗਣਾ ਚੇਤੇ ਨਾ ਰਿਹਾ।

ਪ੍ਰਭੂ ਦੇ ਚਰਨੀਂ ਲਗ ਕੇ ਸਾਰੀਆ ਇਛਾਵਾਂ (ਸੁਤੇ ਹੀ) ਪੂਰੀਆਂ ਹੋ ਗਈਆਂ। ਉਸ ਪ੍ਰਭੂ-ਪੁਰਖ ਨੇ ਮੈਨੂੰ ਗੁਣ-ਹੀਣੇ ਅਤੇ ਨਿਮਾਣੇ ਢਾਢੀ ਨੂੰ (ਸਭ ਕੁਝ) ਬਖ਼ਸ਼ ਦਿਤਾ। (ਭਾਵ, ਪ੍ਰਭੂ ਦੇ ਦਰਸ਼ਨਾਂ ਵਿੱਚ ਸਭ ਕੁਝ ਆ ਗਿਆ)।

*ਡਖਣੇ ਮ: ੫॥*
*ਜਾ ਛੁਟੇ ਤਾ ਖਾਕੁ, ਤੂੰ ਸੁੰਞੀ ਕੰਤੁ ਨ ਜਾਣਹੀ॥*
*ਦੁਰਜਨ ਸੇਤੀ ਨੇਹੁ, ਤੂ ਕੈ ਗੁਣਿ ਹਰਿ ਰੰਗੁ ਮਾਣਹੀ॥੧॥*
*ਨਾਨਕ ਜਿਸੁ ਬਿਨੁ ਘੜੀ ਨ ਜੀਵਣਾ, ਵਿਸਰੇ ਸਰੈ ਨ ਬਿੰਦ॥*
*ਤਿਸੁ ਸਿਉ ਕਿਉ ਮਨ ਰੂਸੀਐ, ਜਿਸਹਿ ਹਮਾਰੀ ਚਿੰਦ॥੨॥*
*ਰਤੇ ਰੰਗਿ ਪਾਰਬ੍ਰਹਮ ਕੈ, ਮਨੁ ਤਨੁ ਅਤਿ ਗੁਲਾਲੁ॥*
*ਨਾਨਕ ਵਿਣੁ ਨਾਵੈ ਆਲੂਦਿਆ, ਜਿਤੀ ਹੋਰੁ ਖਿਆਲੁ॥੩॥*

ਉਚਾਰਣ : ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ ਹੈ :

ਜਾ-ਜਦੋਂ। ਤਾ…ਤਦੋਂ। ਨਾ ਜਾਣਹੀ-ਤੂੰ (ਕਿਉਂ) ਨਹੀਂ ਜਾਣਦੀ? ਮਾਣਹੀ-ਤੂੰ ਮਾਣ ਸਕਦੀ ਹੈ? ਕਿਉਂ-ਕਾਹਦੇ ਲਈ

ਪਦ ਅਰਥ : ਛੁਟੇ-ਪ੍ਰਾਣ ਛੁਟ ਗਏ। ਖਾਕੁ-ਮਿੱਟੀ। ਸੁੰਞੀ-ਸਖਣੀ (ਪ੍ਰਾਣਾਂ ਤੋਂ) ਕੰਤ-ਨ ਜਾਣਹੀ-ਪਤੀ ਨੂੰ ਕਿਉਂ ਨਹੀਂ ਜਾਣਦੀ। ਦੁਰਜਨ ਸੇਤੀ-ਕਾਮਾਦਿਕ ਵੈਰੀਆਂ ਨਾਲ। ਨੇਹੁ-ਪਿਆਰ। ਕੈ ਗੁਣਿ-ਕਿਹੜੇ ਚਜ-ਵਸ ਕਰਕੇ, ਕਿਵੇਂ? ਹਰਿ ਰੰਗੁ-ਪ੍ਰਭੂ ਦਾ ਪਿਆਰ।੧।

ਨ ਜੀਵਣਾ-ਜੀਉਣਾ ਸੰਭਵ ਨਹੀਂ। ਵਿਸਰੇ-ਵਿਸਰਿਆਂ। ਸਰੇ ਨ-ਗੁਜ਼ਾਰਾ ਨਹੀਂ ਹੁੰਦਾ। ਬਿੰਦ-ਪਲ ਭਰ। ਰੂਸੀਐ-ਰੁਸੇਵਾਂ ਕਰੀਏ। ਜਿਸਹਿ-ਜਿਸ ਨੂੰ। ਚਿੰਦ-ਚਿੰਤਾ, ਫ਼ਿਕਰ, ਸੰਭਾਲ।੨।

ਰਤੇ…ਰੰਗੇ ਹੋਏ ਹਨ। ਰੰਗਿ-ਪਿਆਰ-ਰੰਗ ਵਿਚ। ਅਤਿ ਗੁਲਾਲੁ-ਬਹੁਤ ਗੂੜ੍ਹਾ ਲਾਲ। ਆਲੂਦਿਆ-ਮੈਲ ਨਾਲ ਲਿਬੜੇ ਹੋਏ, ਮਲੀਨ। ਜਿਤੀ-ਜਿੰਨਾ ਵੀ। ਖਿਆਲ ਸੰਕਲਪ॥੩॥

ਅਰਥ : ਹੇ (ਅਕਲ ਤੋਂ) ਸੁੰਞੀ ਦੇਹੀ! ਤੂੰ ਆਤਮਾ-ਪਤੀ (ਦੀ ਕਦਰ ਕੀਮਤ) ਨੂੰ ਨਹੀਂ ਜਾਣਦੀ। ਜਦੋਂ ਤੇਰੇ ਵਿਚੋਂ ਪ੍ਰਾਣ ਭਾਵ ਆਤਮਾ ਉਡਾਰੀ ਮਾਰ ਗਿਆ ਤਾਂ ਤੂੰ ਖ਼ਾਕ (ਮਿੱਟੀ ਦੀ ਢੇਰੀ) ਹੋ ਜਾਏਂਗੀ।

ਭਲਾ ਦੱਸ, (ਅੰਦਰ ਖਰੂਦ ਮਚਾਣ ਵਾਲੇ ਕਾਮਾਦਿਕ) ਵੈਰੀਆਂ ਨਾਲ ਪਿਆਰ ਪਾ ਕੇ ਤੂੰ ਉਸ ਰੰਗੀਲੇ ਹਰੀ ਦਾ ਪਿਆਰ ਕਿਵੇਂ ਮਾਣ ਸਕਦੀ ਹੈਂ।੧।

(ਗੁਰਦੇਵ 'ਨਾਨਕ' ਮੁਹਰ-ਛਾਪ ਲਾ ਕੇ ਜੀਵ ਦੇ ਮਨ ਨੂੰ ਸਮਝਾਉਣ ਦਾ ਵੱਲ ਸਿਖਾਉਂਦੇ ਹਨ) ਹੇ ਮਨ। ਜਿਸ (ਪ੍ਰਭੂ) ਤੋਂ ਬਗ਼ੈਰ ਪਲ ਭਰ ਭੀ ਜੀਉਣਾ ਸੰਭਵ ਨਹੀਂ ਤੇ ਜਿਸ ਤੋਂ ਵਿਸਰਿਆਂ ਖਿਨ ਪਲ ਵੀ ਸਰਦਾ ਨਹੀਂ, ਉਸ (ਸਰਬ-ਆਧਾਰ ਪ੍ਰਭੂ) ਨਾਲ ਫਿਰ ਰੋਸਾ ਕਿਉਂ ਕਰੀਏ, ਜਿਸ ਨੂੰ ਸਾਡੀ (ਸਾਰਿਆਂ ਦੀ) ਸਾਰ-ਸੰਭਾਲ ਹੈ।੨।

ਜੋ ਜੀਵ (ਅੰਤਰ-ਆਤਮੇ) ਪਾਰਬ੍ਰਹਮ ਦੇ ਪਿਆਰ-ਰੰਗ ਵਿੱਚ ਰੰਗੇ ਹੁੰਦੇ ਹਨ, ਉਨ੍ਹਾਂ ਦਾ ਮਨ ਤੇ ਤਨ (ਮਜੀਠ ਦੇ ਗੂੜ੍ਹੇ ਰੰਗ ਵਿਚ ਰੰਗੇ ਬਸਤਰ ਵਾਂਗ) ਲਾਲੋ ਲਾਲ ਹੋ ਜਾਂਦਾ ਹੈ। ਨਾਨਕ! ਨਾਮ ਤੋਂ ਬਗ਼ੈਰ ਜਿੰਨਾ ਵੀ ਹੋਰ ਸੰਕਲਪ ਹੈ, ਸਾਰੇ ਦਾ ਸਾਰਾ (ਵਿਕਾਰਾਂ ਦੀ) ਮੈਲ ਨਾਲ ਲਿਬੜਿਆ ਹੁੰਦਾ ਹੈ।੩।

***ਪਉੜੀ॥***
***ਹਰਿ ਜੀਉ ਜਾ ਤੂ ਮੇਰਾ ਮਿਤ੍ਰੁ ਹੈ, ਤਾ ਕਿਆ ਮੈ ਕਾੜਾ॥***
***ਜਿਨੀ ਠਗੀ ਜਗੁ ਠਗਿਆ, ਸੇ ਤੁਧੁ ਮਾਰਿ ਨਿਵਾੜਾ॥***
***ਗੁਰਿ ਭਉਜਲੁ ਪਾਰਿ ਲੰਘਾਇਆ, ਜਿਤਾ ਪਾਵਾੜਾ॥***
***ਗੁਰਮਤੀ ਸਭਿ ਰਸ ਭੋਗਦਾ, ਵਡਾ ਆਖਾੜਾ॥***
***ਸਭਿ ਇੰਦ੍ਰੀਆ ਵਸਿ ਕਰਿ ਦਿਤੀਓ ਸਤਵੰਤਾ ਸਾੜਾ॥***
***ਜਿਤੁ ਲਾਈਅਨਿ ਤਿਤੈ ਲਗਦੀਆ ਨਹ ਖਿੰਜੋਤਾੜਾ॥***
***ਜੋ ਇਛੀ ਸੋ ਫਲੁ ਪਾਇਦਾ ਗੁਰਿ ਅੰਦਰਿ ਵਾੜਾ॥***
***ਗੁਰ ਨਾਨਕੁ ਤੁਠਾ ਭਾਇਰਹੁ ਹਰਿ ਵਸਦਾ ਨੇੜਾ॥੧੦॥***

ਉਚਾਰਣ : ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ ਹੈ :

ਜਾ-ਜਦੋਂ। ਤਾ…ਤਦੋਂ। ਹੈ-ਤੂੰ ਹੈਂ। ਜਿਨੀ-ਜਿਨ੍ਹਾਂ ਨੇ। ਠਗੀ-ਠੱਗਾਂ ਨੇ। ਇੰਦ੍ਰੀਆ-ਸਰੀਰ ਦੇ ਸੂਖਮ ਅਤੇ ਅਸਥੂਲ ਅੰਗ, ਜਿਨ੍ਹਾਂ ਦੁਆਰਾ ਪਦਾਰਥ-ਗਿਆਨ ਪ੍ਰਾਪਤ ਕਰੀਦਾ ਹੈ ਅਤੇ ਅੰਦਰਲੇ ਬਾਹਰਲੇ ਕਾਰਜ ਸਿਧ ਕਰੀਦੇ ਹਨ। ਲਗਦੀਆ-ਲਗਦੀਆਂ ਹਨ। ਇਛੀ-ਮੈਂ ਚਾਹੁੰਦਾ ਹਾਂ।

ਕਾੜਾ - 'ੜ' ਉਚਾਰਣ ਭਾਰਾ।

ਜਿਨੀ - 'ਨ' ਉਚਾਰਣ ਭਾਰਾ।

ਨਹ - 'ਹ' ਦਾ ਉਚਾਰਣ 'ਹਿ' ਵਾਂਗ ਦਰੁਸਤ ਨਹੀਂ। ਪਾਇਦਾ 'ਇ' ਉਚਾਰਣ ਨਾਸਕੀ।

ਪਦ ਅਰਥ : ਕਾੜਾ-ਝੋਰਾ। ਨਿਵਾੜਾ-ਨਿਵਾਰਾ, ਦੂਰ ਕਰ ਦਿਤੇ ਹਨ। ਗੁਰਿ…ਗੁਰੂ ਨੇ। ਭਉਜਲੁ ਸੰਸਾਰ-ਸਾਗਰ ਤੋਂ। ਪਾਵਾੜਾ-ਪੁਆੜਾ, ਬਿਖਮ ਆਖਾੜਾ। ਗੁਰਮਤੀ-ਗੁਰੂ ਦੀ ਮਤਿ ਅਨੁਸਾਰ। ਸਤਵੰਤਾ ਸਾੜਾ-(ਸਤਵੰਤ+ਅਸਾੜਾ ਦੀ ਸੰਧੀ)। ਸਤਵੰਤਾ-ਉਚੇ ਆਚਰਣ ਵਾਲਾ, ਸਤਵਾਦੀ। ਸਾੜਾ-ਸਾਡਾ, ਆਪਣਾ। ਜਿਤੁ…ਜਿਸ ਪਾਸੇ। ਲਾਈਅਨਿ-ਲਾਈਦੀਆਂ ਹਨ। ਤਿਤੈ-ਓਸੇ ਪਾਸੇ। ਖਿੰਜੋਤਾੜਾ-ਕਸ਼-ਮ-ਕਸ਼, ਖਿੱਚੋਤਾਣ। ਪਾਇਦਾ-ਪ੍ਰਾਪਤ ਕਰ ਲੈਂਦਾ ਹਾਂ। ਅੰਦਰਿ ਵਾੜਾ-ਅੰਤਰਮੁਖੀ ਕਰ ਦਿਤਾ ਹੈ। ਭਾਇਰਹੁ-ਹੇ ਭਾਈਓ!

ਅਰਥ : ਹਰੀ ਪ੍ਰਭੂ ਜੀ! ਜਦ ਤੂੰ (ਸਰਬ ਕਲਾ ਸਮਰੱਥ) ਮੇਰਾ ਸੱਜਣ ਹੈਂ ਤਾਂ ਫਿਰ ਮੈਨੂੰ ਕਾਹਦਾ ਝੋਰਾ? ਜਿਨ੍ਹਾਂ (ਕਾਮਾਦਿਕ) ਠੱਗਾਂ ਨੇ ਸਾਰਾ ਸੰਸਾਰ ਲੁਟ ਮਾਰਿਆ ਹੈ, ਉਹਨਾਂ (ਠੱਗਾਂ ਨੂੰ) ਮਗਰੋਂ ਲਾਹ ਦਿਤਾ ਹੈ।

ਮੈਨੂੰ ਗੁਰੂ ਨੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦਿਤਾ ਹੈ ਤੇ ਮੈਂ ਸਾਰਾ (ਵਿਕਾਰਾਂ ਨਾਲ ਟਾਕਰੇ ਦਾ) ਬਿਖਮ ਅਖਾੜਾ ਜਿਤ ਲਿਆ ਹੈ।

ਸੰਸਾਰ ਇਕ ਵੱਡਾ ਸੰਘਰਸ਼-ਖੇਤਰ ਹੈ (ਇਸ ਵਿਚ ਜੀਵ ਦਾ ਮਾਇਕੀ ਚਸਕਿਆਂ ਅਤੇ ਕਾਮਾਦਿਕ ਵਿਕਾਰਾਂ ਨਾਲ ਟਾਕਰਾ ਹੈ), ਮੈਂ ਗੁਰੂ ਦੀ ਮਤਿ ਅਨੁਸਾਰ (ਚਸਕੇ ਤੋਂ ਨਿਰਲੇਪ ਰਹਿੰਦਾ ਹੋਇਆ) ਸਾਰੇ ਰਸ-ਕਸ ਮਾਣਦਾ ਹਾਂ।

ਸਤਵੰਤਾ-ਪ੍ਰਭੂ ਸਾਡਾ (ਮਿੱਤਰ) ਹੋ ਗਿਆ ਹੈ, ਜਿਸ ਨੇ (ਸਾਡੀਆਂ) ਸਾਰੀਆਂ (ਗਿਆਨ ਅਤੇ ਕਰਮ) ਇੰਦਰੀਆਂ (ਸਾਡੇ) ਵਸ ਵਿੱਚ ਕਰ ਦਿੱਤੀਆਂ ਹਨ। ਹੁਣ ਜਿਸ ਕੰਮ ਵਿੱਚ ਇਹ (ਇੰਦ੍ਰੀਆਂ) ਲਾਈਦੀਆਂ ਹਨ ਓਸੇ ਵਿੱਚ ਲਗਦੀਆਂ ਹਨ, ਕੋਈ ਖਿੱਚੋਤਾਣ ਨਹੀਂ ਰਿਹਾ। ਗੁਰੂ ਨੇ ਮੈਨੂੰ ਅੰਤਰਮੁਖੀ ਕਰ ਦਿਤਾ ਹੈ, ਜੋ ਚਿਤਵਦਾ ਹਾਂ ਓਹੀ ਫਲ ਪ੍ਰਾਪਤ ਕਰ ਲੈਂਦਾ ਹਾਂ। ਹੇ ਭਰਾਵੋ! ਗੁਰੂ ਨਾਨਕ ਮੇਰੇ ਤੇ ਮਿਹਰਵਾਨ ਹੋ ਗਿਆ ਹੈ, (ਜਿਸ ਕਰਕੇ) ਹੁਣ ਹਰੀ-ਪ੍ਰਭੂ ਨੇੜੇ ਵਸਦਾ (ਅਨੁਭਵ ਹੁੰਦਾ) ਹੈ।੧੦।

# ਗੁਰਮਤਿ ਅਨੁਸਾਰ ਮਾਤਾ ਪਿਤਾ ਦਾ ਬੱਚਿਆਂ ਪ੍ਰਤਿ ਫਰਜ

*[ਭਾਈ ਦਵਿੰਦਰ ਸਿੰਘ ਜੀ, ਡੀ.ਐਸ.ਪੀ]*

ਈਸਾਈ ਧਰਮ ਵਿਚ ਫਿਲਾਸਫਰ ਹੋਇਆ ਹੈ, ਜਿਸ ਨੂੰ ਪੰਜ ਸਾਲ ਦੀ ਉਮਰ ਵਿਚ ਪੂਰੀ ਬਾਈਬਲ ਯਾਦ ਸੀ। ਜਦੋਂ ਉਸ ਨੂੰ ਪੁੱਛ ਕੀਤੀ ਤਾਂ ਉਸਨੇ ਦਸਿਆ -

ਮੇਰੀ ਮਾਂ ਛੋਟੇ ਹੁੰਦਿਆਂ ਮੇਰੇ ਸੋਟੀਆਂ ਮਾਰ ਮਾਰ ਕੇ ਬਾਈਬਲ ਯਾਦ ਕਰਵਾ ਦਿੱਤੀ ਸੀ। ਇਸ ਤਰ੍ਹਾਂ ਮੇਰੀ ਚਮੜੀ (ਖੂੰਨ) ਵਿੱਚ ਰਚ ਗਈ ਹੈ। ਚੰਗੀਆਂ ਮਾਵਾਂ ਹੀ ਚੰਗੇ ਸਮਾਜ ਨੂੰ ਜਨਮ ਤੇ ਸਿਰਜ ਸਕਦੀਆਂ ਹਨ। ਜਿਸ ਤਰ੍ਹਾਂ ਬਾਬਾ ਫਰੀਦ ਜੀ ਨੂੰ ਵੀ ਚੰਗੇ ਪਾਸੇ ਮੋੜਿਆ ਸੀ, ਇਸ ਤਰ੍ਹਾਂ ਮੇਰੀ ਮਾਂ ਦੀਆਂ ਜਿਮੇਵਾਰੀਆਂ ਸੀ। ਅਸੀਂ ਪੜ੍ਹਦੇ ਹਾਂ ਕਿ ਇਕ ਕੀਰਤੀ ਸਿੰਘ ਭਾਈ ਬਦਰ ਸਿੰਘ ਜੀ ਚੜਾਈ ਕਰ ਗਏ, ਉਨ੍ਹਾਂ ਦੀ ਪਤਨੀ ਨੇ ਬੱਚੇ ਦਾ ਪਾਲਣ ਪੋਸ਼ਣ ਸੁੱਚਜੇ ਢੰਗ ਨਾਲ ਕੀਤਾ ਅਤੇ ਉਹੀ ਬੱਚਾ ਇਕ ਦਿਨ ਸਿੱਖ ਕੌਮ ਦਾ ਸੁਲਤਾਨ-ਉਲ-ਕੌਮ ਜੱਸਾ ਸਿੰਘ ਆਹਲੂਵਾਲੀਆ ਹੋ ਨਿਬੜਿਆ, ਕਿਉਂਕਿ ਉਸ ਦੀ ਮਾਂ ਨੇ ਗੁਰਮਤਿ ਅਨੁਸਾਰ ਬਾਣੀ ਤੇ ਬਾਣੇ, ਗੁਰ ਇਤਿਹਾਸ ਨਾਲ ਛੋਟੀ ਉਮਰ ਵਿੱਚ ਹੀ ਰੰਗਣ ਦਿੱਤੀ ਸੀ। ਇਹ ਹੈ ਧਰਮੀ ਮਾਂ ਦਾ ਫਰਜ। ਕਿਉਂਕਿ ਪਹਿਲਾ ਸਕੂਲ ਤਾਂ ਮਾਤਾ ਦਾ ਹੀ ਹੁੰਦਾ ਹੈ। ਪਹਿਲੈ ਪਿਆਰਿ ਲਗਾ ਥਣ ਦੁਧਿ॥ ਦੂਜੈ ਮਾਇ ਬਾਪ ਕੀ ਸੁਧਿ॥ ਗੁਰਬਾਣੀ ਸਚ ਦਸਦੀ ਹੈ, ਇਕ ਮਾਂ ਹੀ ਐਸੀ ਹੈ ਜੋ ਚਾਹੇ ਤਾਂ ਆਪਣੇ ਬੱਚੇ ਨੂੰ ਧਰਮੀ ਬਣਾ ਸਕਦੀ ਹੈ। ਪਰ ਬੜੇ ਹੀ ਦੁੱਖੀ ਹਿਰਦੇ ਨਾਲ ਲਿਖਣਾ ਪੈ ਰਿਹਾ ਹੈ ਕਿ ਸਾਡੇ ਸਿੱਖਾਂ ਦੇ ਬੱਚੇ ਚਾਹੇ ਕਿਸੇ ਵੀ ਸਟੇਟ ਦੇ ਹਨ (ਜੰਮੂ ਕਸ਼ਮੀਰ ਨੂੰ ਛੋੜ ਕੇ) ਕਾਫੀ ਸਿੱਖ ਪਤਿਤਪੁਣੇ ਅਤੇ ਨਸ਼ਿਆਂ ਦੀ ਦਲਦਲ ਵਿਚ ਜਾ ਫਸੇ ਹਨ? ਕਸੂਰਵਾਰ ਤਾਂ ਪਹਿਲਾਂ ਮਾਪੇ ਹਨ ਦੂਜਾ ਸਕੂਲਾਂ, ਕਾਲਜਾਂ ਵਿੱਚ ਕੋਈ ਕੰਟਰੋਲ ਨਹੀਂ ਹੈ, ਤੀਜਾ ਭੈੜੀ ਸੰਗਤ ਦਾ ਅਸਰ ਬਹੁਤ ਜਲਦੀ ਪੈਂਦਾ ਹੈ। ਮਾਪੇ ਨਿਕੇ-ਨਿਕੇ ਬਚਿਆਂ ਦੇ ਵਾਲ ਕਟਵਾ ਦਿੰਦੇ ਹਨ। ਇਹ ਬਹੁਤ ਵਡੀ ਪਿਰਤ (ਪਿੰਡਾਂ ਤੇ ਸ਼ਹਿਰ ਵਿੱਚ) ਪੈ ਗਈ ਹੈ। ਮੁਖ ਰੂਪ ਵਿੱਚ ਤਾਂ ਮਾਤਾ ਪਿਤਾ ਹੀ ਜਿੰਮੇਵਾਰ ਹਨ। ਕਿਉਂਕਿ ਇਹ ਧਰਮ ਦਾ ਵਿਸ਼ਾ ਹੈ, ਕਿਸੇ ਨੂੰ ਜੋਰ ਜਬਰੀ ਨਹੀਂ ਕਰ ਸਕਦੇ। ਬੜੀ ਹਲੀਮੀ ਤੇ ਪਿਆਰ ਨਾਲ ਛੋਟੇ ਗੁਰੂ ਜੀ ਦੇ ਸ਼ਹੀਦ ਸਾਹਿਬਜਾਦਿਆਂ ਦੀ ਕੀਤੀ ਕੁਰਬਾਨੀ (ਸ਼ਹੀਦੀ) ਤੇ ਉਨ੍ਹਾਂ ਦੇ ਸਵਾਲਾਂ ਤੇ ਜਵਾਬਾਂ ਦੇ ਬਾਰੇ ਦਸ ਕੇ ਪ੍ਰਚਾਰ ਕਰਨਾ ਚਾਹੀਦਾ ਹੈ ਤੇ ਕੀਤਾ ਜਾ ਸਕਦਾ ਹੈ। ਗੁਰੂ ਜੀ ਅੱਗੇ ਅਰਦਾਸ ਹੀ ਕਰ ਸਕਦੇ ਹਾਂ। ਦਾਸ ਤਾਂ ਹਰ ਥਾਂ ਹਰੇਕ ਸਿੱਖ, ਦਾੜ੍ਹੀ ਕੱਟ, ਵਾਲ ਕਟਿਆਂ ਨਾਲ ਜਰੂਰ ਵਿਚਾਰ ਕਰਦਾ ਹੈ, ਉਨ੍ਹਾਂ ਕੋਲ ਕੋਈ ਦਵਾਬ ਤਾਂ ਹੁੰਦਾ ਨਹੀਂ, ਬਹਾਨਾ ਬਣਾ ਦਿੰਦਾ ਹੈ ਕਿ ਸਿਰ ਵਿਚ ਦਾਣੇ ਹੋ ਗਏ ਸੀ, ਕਈ ਬਹਾਨੇ ਕਰਦੇ ਹਨ।

ਜੇ ਬੱਚਾ ਨਾਲਾਇਕ ਕੋਈ ਗਲਤੀ ਕਰੇ ਤਾਂ ਉਲਾਮਾ ਉਸਦੇ ਮਾਂ-ਬਾਪ ਨੂੰ ਜਾਏਗਾ। ਅੱਜ ਕੋਈ ਵਿਰਲੇ ਹੀ ਮਾਪੇ ਹੋਣਗੇ ਜੋ ਬੱਚਿਆਂ ਨੂੰ ਪਾਠ-ਕੀਰਤਨ ਬਾਣੀ ਨਾਲ ਜੋੜਦੇ ਹੋਣਗੇ ਪਰ ਅੱਜਕੱਲ ਹਰ ਪ੍ਰਾਣੀ ਕੋਲ ਮੋਬਾਈਲ ਹੈ ਔਰ ਉਹ ਇਸ ਵਿਚ ਹੀ ਗਲਤਾਨ ਹੈ। ਯੂ-ਟਯੂਬ ਨੇ ਤਾਂ ਹਦ ਕੀਤੀ ਹੋਈ ਹੈ, ਗੰਦੇ-ਗੰਦੇ ਗਾਣੇ ਫਿਲਮਾਂ ਦੀ ਭਰਮਾਰ ਹੈ, ਤੁਸੀਂ ਜਿਥੇ ਮਰਜੀ ਦੇਖ ਲਓ ਹਰ ਇਕ ਨੂੰ ਇਨ੍ਹਾਂ ਦਾ ਹੀ ਸ਼ੌਕ ਰਹਿ ਗਿਆ ਹੈ। ਟੀ.ਵੀ. ਜੋ ਅਸ਼ਲੀਲ ਫਿਲਮਾਂ ਦਿਖਾਂਦੇ ਹਨ। ਬੱਚੇ ਉਨ੍ਹਾਂ ਨੂੰ ਬਾਰ ਬਾਰ ਹੀ ਦੇਖਦੇ ਹਨ, ਉਹ ਧਰਮੀ ਕਿਸ ਤਰ੍ਹਾਂ ਬਣਨਗੇ? ਉਨ੍ਹਾਂ ਧਾਰਮਿਕ ਰੁਚੀ ਤੋਂ ਦੂਰ ਕੀਤਾ ਜਾ ਰਿਹਾ ਹੈ। ਇਸ ਬੁਰੀ ਆਦਤ ਨੂੰ ਮਾਂ ਹੀ ਦੂਰ ਕਰ ਸਕਦੀ ਹੈ, ਹੋਰ ਕੋਈ ਵੀ ਨਹੀਂ ਕਰ ਸਕਦਾ। ਇਸ ਕੁਲਜੁਗੀ ਵਕਤ ਵਿੱਚ ਸਿੱਖ, ਫੈਸ਼ਨ ਦੇ ਜਮਾਨੇ ਵਿਚ

ਪੈ ਰਹੇ ਹਨ। ਦੇਖਦੇ ਹਾਂ, ਅੱਜ ਮਿਸ ਪੰਜਾਬਣ, ਗਾਉਣ-ਹਸਾਉਣ, ਭੰਗੜੇ ਅਤੇ ਗਲੇਮਰ ਸ਼ੋਆਂ ਲਈ ਦੌੜੇ-ਭੱਜੇ ਫਿਰਦੇ ਹਨ। ਸਮਾਂ ਵੀ ਹੈ ਦਿਨ ਰਾਤ ਤਿਆਰੀ ਹੁੰਦੀ ਹੈ। ਪਰ ਦੂਜੇ ਧਾਰਮਿਕ ਪਾਸੇ ਜੇ ਕੁਝ ਕਰਨਾ ਹੋਵੇ ਤਾਂ ਕਹਿਣਗੇ ਜੀ! ਸਕੂਲ ਦਾ ਸਲੇਬਸ ਬੜਾ ਔਖਾ ਹੈ ਪੜ੍ਹਾਈ ਖਰਾਬ ਹੋਵੇਗੀ, ਬੜੇ ਢਕੋਸਲੇ, ਬਹਾਨੇ ਬਣਾਉਣਗੇ। ਇਸ ਗਲ ਤੇ ਜੇ ਮਾਂ ਅਣਗਹਿਲੀ ਕਰਦੀ ਹੈ ਤਾਂ ਉਹ ਆਪ ਮਾਂ ਜਿੰਮੇਵਾਰ ਹੈ ਨਾਲ ਪਿਤਾ ਵੀ। ਸੋ ਦੋਨੋਂ ਹੱਥ ਜੋੜ ਕੇ ਨਿਮਰਤਾ ਸਹਿਤ ਬੇਨਤੀ ਹੈ ਕਿ ਗੁਰੂ ਜੀ ਮੇਹਰ ਕਰਨ ਮਾਤਾ ਪਿਤਾ ਜੀ ਜਿੱਥੇ ਖੁਦ ਘਰ ਵਿਚ ਬੈਠ ਕੇ ਸੋਚਣ। ਗੁਰ ਇਤਿਹਾਸ, ਗੁਰਮਤਿ ਵਿਚਾਰਾਂ, ਗੁਰਬਾਣੀ ਪੜ੍ਹਨਾ ਸਿਖਾਉਣਾ। ਅੱਜ ਹਰ ਮਾਤਾ ਪਿਤਾ ਦਾ ਫਰਜ ਹੈ ਕਿ ਆਪਣੇ ਬੱਚਿਆਂ ਨੂੰ ਦੁਨੀਆਵੀ ਵਿਦਿਆ ਸਿੱਖਿਆ ਦੇ ਨਾਲ ਨਾਲ ਧਰਮ ਦੀ ਵਿਦਿਆ ਦੇਣ ਦਾ ਵੀ ਖਾਸ ਉਪਰਾਲਾ ਕਰਨ ਜੀ ਅਤੇ ਗੌਰਵਮਈ ਵਿਰਸੇ ਤੋਂ ਜਾਣੂ ਕਰਵਾਉਣ ਜੀ। ਭੁੱਲ-ਚੁੱਕ ਮਾਫ ਕਰਨਾ ਜੀ।

*(ਪੰਨਾ 6 ਦੀ ਬਾਕੀ)*

ਤੋਂ 1572 (ਸੰਨ 1497 ਤੋਂ 1508)

- ਦੂਜੀ ਦੱਖਣ ਦੀ, ਸੰਮਤ 1567 ਤੋਂ 1572 (ਸੰਨ 1510 ਤੋਂ 1515)।
- ਤੀਜੀ ਉੱਤਰ ਦੀ, ਸੰਮਤ 1573 ਤੋਂ 1575 (ਸੰਨ 1516 ਤੋਂ 1518)
- ਚੌਥੀ ਪੱਛਮ ਦੀ, ਸੰਮਤ 1575 ਤੋਂ 1579 (ਸੰਨ 1518 ਤੋਂ 1522)

**ਅਸਥਾਨ ਵਸਾਇਆ** - ਸ੍ਰੀ ਕਰਤਾਰਪੁਰ, ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ), ਪਹਿਲੀ ਉਦਾਸੀ ਮਗਰੋਂ।


**ਗੁਰਿਆਈ** - ਧੁਰੋਂ।

**ਜੋਤੀ ਜੋਤਿ** - ਅੱਸੂ ਵਦੀ 10, 7 ਅੱਸੂ, ਸੰਮਤ 1596, ਸੰਨ 1539 ਕਰਤਾਰਪੁਰ (ਪਾਕਿਸਤਾਨ)।


ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ
ਬਾਲਾ ਪ੍ਰੀਤਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਅਸਥਾਨ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ

**ਅਖੰਡ ਕੀਰਤਨ ਸਮਾਗਮ**

13 ਦਸੰਬਰ ਤੋਂ 17 ਦਸੰਬਰ 2023 ਤੱਕ



ਬੁੱਧਵਾਰ, 13 ਦਸੰਬਰ, ਸਵੇਰੇ 9.30 ਵਜੇ ਤੋਂ ਦੁਪਹਿਰ 2.00 ਵਜੇ ਤੱਕ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

ਬੁੱਧਵਾਰ, 13 ਦਸੰਬਰ, ਸ਼ਾਮ 4.00 ਤੋਂ ਰਾਤ 9.00 ਵਜੇ ਤੱਕ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

ਵੀਰਵਾਰ, 14 ਦਸੰਬਰ, ਸਵੇਰੇ 7.00 ਤੋਂ ਦੁਪਹਿਰ 1.30 ਵਜੇ ਤੱਕ ਗੁਰਦੁਆਰਾ ਗੋਬਿੰਦ ਨਗਰ, ਚਿਤਕੋਹਰਾ


ਵੀਰਵਾਰ, 14 ਦਸੰਬਰ, ਸ਼ਾਮ 4.00 ਤੋਂ ਰਾਤ 9.00 ਵਜੇ ਤੱਕ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ

ਸ਼ੁੱਕਰਵਾਰ, 15 ਦਸੰਬਰ, ਸਵੇਰੇ 4.15 ਤੋਂ ਦੁਪਹਿਰ 2.00 ਵਜੇ ਤੱਕ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

ਸ਼ੁੱਕਰਵਾਰ, 15 ਦਸੰਬਰ, ਸ਼ਾਮ 4.00 ਤੋਂ ਰਾਤ 9.00 ਵਜੇ ਤੱਕ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ

ਸ਼ਨੀਵਾਰ, 16 ਦਸੰਬਰ, ਸਵੇਰੇ 7.00 ਤੋਂ ਦੁਪਹਿਰ 2.00 ਵਜੇ ਤੱਕ ਗੁਰਦੁਆਰਾ ਕੰਗਨ ਘਾਟ ਸਾਹਿਬ

ਸ਼ਹੀਦੀ ਸਮਾਗਮ ਐਤਵਾਰ, 17 ਦਸੰਬਰ, ਅੰਮ੍ਰਿਤ ਵੇਲੇ 4.00 ਤੋਂ ਦੁਪਹਿਰ 1.00 ਵਜੇ ਤੱਕ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ



**ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ**

ਸ਼ਨੀਵਾਰ, 16 ਦਸੰਬਰ, ਸ਼ਾਮ 6.00 ਵਜੇ ਤੋਂ ਸਵੇਰੇ 3.00 ਵਜੇ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ



**ਅੰਮ੍ਰਿਤ ਵੇਲਾ ਸਮਾਗਮ**

14 ਤੋਂ 16 ਦਸੰਬਰ ਰਾਤ 12:00 ਵਜੇ ਤੋਂ ਤਖ਼ਤ ਸਾਹਿਬ ਵਿਖੇ

**ਦਾਸਰੇ : ਸਮੂਹ ਸਾਧ ਸੰਗਤ ਅਤੇ ਪ੍ਰਬੰਧਕ ਕਮੇਟੀ ਤਖਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ**

#93342 42679, 97982 18000, 93340 33888, 98885 53564, 79869 79969

## ਸਹਾਇਤਾ ਆਤਮ ਰੰਗ ਅਕਤੂਬਰ 2023 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਗੁਰਪੁਰਵਾਸੀ ਬੀਬੀ ਕੁਲਵੰਤ ਕੌਰ, ਸਿੰਘਣੀ ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ, ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਅਖੰਡ ਕੀਰਤਨੀ ਜੱਥਾ, ਗੁਨਿਆਨਾ ਮੰਡੀ, ਗੁਨਿਆਨਾ ਮੰਡੀ ਸਮਾਗਮ ਤੇ ਮਾਰਫਤ ਵੈਦ ਬਲਜੀਤ ਸਿੰਘ ਜੀ | 2,100.00 |
| ◆ ਭਾਈ ਤੇਜ ਪ੍ਰਤਾਪ ਸਿੰਘ, ਰਾਜਪੁਰਾ | 21,000.00 |
| ◆ ਭਾਈ ਵਿਨੈ ਕਲਸੀ | 3,100.00 |
| ◆ ਭਾਈ ਗੁਰਲਾਲ ਸਿੰਘ ਭੁੱਲਰ | 2,100.00 |
| ◆ ਐਸ. ਕੇ. ਮੋਟਰਜ਼, ਚੰਡੀਗੜ੍ਹ | 3,100.00 |
| ◆ ਗੁਪਤ ਸੇਵਾ ਚੰਡੀਗੜ੍ਹ, ਅਪਣੇ ਨਵੇਂ ਘਰ ਦੀ ਖੁਸ਼ੀ ਵਿੱਚ | 51,000.00 |
| **ਕੁਲ ਜੋੜ** | **1,02,400.00** |

### Statement of Income & Expenditure for the Month of Oct., 2023 of *Atam Rang*

| | |
|---|---|
| 1. M/s Jai Offset Printers | 32,000.00 |
| 2. Cost of Service Stamps | 12,600.00 |
| 3. Cost of envelops & Printing | 12,200.00 |
| 4. Cost of Sticker & Printing | 4,000.00 |
| 5. Previous balance | 71,411.00 |
| **Total Expenditure upto 31.10.2023** | **1,32,211.00** |
| Donation | 1,02,400.00 |
| Membership | – |
| **Total Income** | **1,02,400.00** |
| **Expenditure** | **1,32,211.00** |
| **Income** | **1,02,400.00** |
| **Difference** | **(-) 29,811.00** |

### ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 16 ਨਵੰਬਰ |
| ਪੂਰਨਮਾਸ਼ੀ | 27 ਨਵੰਬਰ |
| ਮੱਸਿਆ | 13 ਨਵੰਬਰ |
| ਪੰਚਮੀ | 18 ਨਵੰਬਰ |
| **ਗੁਰਪੁਰਬ** | |
| ਜੋਤੀ ਜੋਤਿ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ | 6 ਨਵੰਬਰ |
| ਗੁਰਗੱਦੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 6 ਨਵੰਬਰ |
| ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਨੰਦੇੜ | 15 ਨਵੰਬਰ |
| ਜੋਤੀ ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 18 ਨਵੰਬਰ |
| ਪ੍ਰਕਾਸ਼ ਸ੍ਰੀ ਗੁਰੂ ਨਾਨਕ ਦੇਵ ਜੀ | 27 ਨਵੰਬਰ |

### ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

### ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ 'ਤੇ ਸਹਾਇਤਾ ਕੀਤੀ ਜਾਵੇ। ਕ੍ਰਿਪਾ ਕਰਕੇ ਆਤਮ ਰੰਗ ਅਕਾਊਂਟ ਨੰਬਰ 33008094850, IFS Code: SBIN0006597 ਸਟੇਟ ਬੈਂਕ ਆਫ਼ ਇੰਡੀਆ, ਸੈਕਟਰ-37, ਚੰਡੀਗੜ੍ਹ ਦੀ ਬ੍ਰਾਂਚ ਵਾਸਤੇ ਮਾਇਆ ਭੇਜੀ ਜਾਵੇ ਜੀ। ਆਪ ਜੀ ਦੇ ਇਸ ਸਹਿਯੋਗ ਲਈ 'ਆਤਮ ਰੰਗ' ਦੇ ਪ੍ਰਬੰਧਕ ਅਤਿ ਰਿਣੀ, ਧੰਨਵਾਦੀ ਤੇ ਸ਼ੁਕਰ ਗੁਜ਼ਾਰ ਹੋਣਗੇ ਜੀ।

**ਆਪ ਦਾ ਨਿਮਾਣਾ ਜਿਹਾ ਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ**

**ਮੋਬਾਇਲ : 98143-00245**

## ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

## ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*– ਮੁੱਖ ਸੰਪਾਦਕ*

# ਮੋਗਾ ਸਮਾਗਮ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾ ਗੱਦੀ ਦੇ ਸਬੰਧ ਵਿੱਚ

# ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ

ਦੱਤ ਰੋਡ, ਮੋਗਾ ਵਿਖੇ

## ਸਲਾਨਾ ਕੇਂਦਰੀ
# ਅਖੰਡ ਕੀਰਤਨ ਸਮਾਗਮ

ਮਿਤੀ 30 ਨਵੰਬਰ ਤੋਂ 3 ਦਸੰਬਰ ਤੱਕ

ਪਰਮ ਸਤਿਕਾਰਯੋਗ ਗੁਰੂ ਪਿਆਰੀ, ਗੁਰੂ ਰੂਪ ਸਾਧ ਸੰਗਤ ਜੀਓ ਮੋਗੇ ਦੇ ਸਮੂਹ ਗੁਰਦੁਆਰਾ ਪ੍ਰਬੰਧ ਕਮੇਟੀਆਂ, ਜੱਥੇਬੰਦੀਆਂ, ਸੇਵਾ ਸੁਸਾਇਟੀਆਂ ਅਤੇ ਮੋਗੇ ਦੀ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਤਾ ਗੱਦੀ ਦਿਵਸ ਬਹੁਤ ਹੀ ਚਾਅ ਅਤੇ ਸ਼ਰਧਾ ਨਾਲ ਮਨਾਇਆਂ ਜਾ ਰਿਹਾ ਹੈ, ਆਪ ਜੀ ਨੇ ਇਹਨਾਂ ਸਮਾਗਮਾਂ ਵਿੱਚ ਹਾਜਰੀਆਂ ਭਰ ਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਹਨ ਜੀ।

| ਮਿਤੀ ਅਤੇ ਦਿਨ | | ਸਥਾਨ |
|---|---|---|
| ਮਿਤੀ 01 ਦਸੰਬਰ 2023<br>ਦਿਨ ਸ਼ੁੱਕਰਵਾਰ | ਸ਼ਾਮ ਦਾ ਸਮਾਗਮ<br>ਸ਼ਾਮ 6 ਵਜੇ ਤੋਂ 9:30 ਵਜੇ ਤੱਕ | ਗੁਰਦੁਆਰਾ ਕਲਗੀਧਰ ਸਾਹਿਬ<br>ਦੱਤ ਰੋਡ, ਮੋਗਾ ਵਿਖੇ |

| ਮਿਤੀ ਅਤੇ ਦਿਨ | | ਸਥਾਨ |
|---|---|---|
| ਮਿਤੀ 02 ਦਸੰਬਰ 2023<br>ਦਿਨ ਸ਼ਨੀਵਾਰ | ਦਿਵਸ ਸੁਹੇਲਾ ਕੀਰਤਨ<br>ਸਵੇਰੇ 7 ਵਜੇ ਤੋਂ ਦੁਪਹਿਰ 1 ਵਜੇ ਤੱਕ | ਗੁਰਦੁਆਰਾ ਕਲਗੀਧਰ ਸਾਹਿਬ<br>ਦੱਤ ਰੋਡ, ਮੋਗਾ ਵਿਖੇ |

| ਮਿਤੀ ਅਤੇ ਦਿਨ | ਸਮਾਂ | ਸਥਾਨ |
|---|---|---|
| ਮਿਤੀ 02 ਦਸੰਬਰ 2023<br>ਦਿਨ ਸ਼ਨੀਵਾਰ | ਰੈਣਸੁਬਾਈ ਕੀਰਤਨ<br>ਸ਼ਾਮ 6 ਵਜੇ ਵਜੋਂ ਤੋਂ ਐਤਵਾਰ ਸਵੇਰੇ 4 ਵਜੇ ਤੱਕ | ਗੁਰਦੁਆਰਾ ਕਲਗੀਧਰ ਸਾਹਿਬ<br>ਦੱਤ ਰੋਡ, ਮੋਗਾ ਵਿਖੇ |

ਸੰਗਤਾਂ ਦੀ ਰਿਹਾਇਸ਼ ਅਤੇ ਲੰਗਰ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ, ਦੱਤ ਰੋਡ, ਮੋਗਾ ਵਿਖੇ ਹੋਵੇਗਾ

Live on: www.akj.org

M: 98886-00418, 95655-09584, 94171-76032, 98556-34815

ਸਹਿਯੋਗੀ ਪ੍ਰਬੰਧਕ ਕਮੇਟੀ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ, ਦੱਤ ਰੋਡ, ਮੋਗਾ

# ਪਿੰਡ ਦਿਆਲਪੁਰ ਵਿਖੇ

## ਸਾਲਾਨਾ

# ਅਖੰਡ ਕੀਰਤਨ ਸਮਾਗਮ

**ਮਿਤੀ 2 ਨਵੰਬਰ, 2023 ਦਿਨ ਵੀਰਵਾਰ ਤੋਂ 5 ਨਵੰਬਰ ਦਿਨ ਐਤਵਾਰ ਤੱਕ**



ਪਰਮ ਸਤਿਕਾਰਯੋਗ ਗੁਰੂ ਰੂਪ ਸਾਧ ਸੰਗਤ ਜੀਓ,

ਆਪ ਸਭ ਸੰਗਤਾਂ ਦੇ ਸਹਿਯੋਗ ਅਤੇ ਨਿੱਘੇ ਪਿਆਰ ਸਦਕਾ ਪਿਛਲੇ 51 ਸਾਲਾਂ ਤੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਣ ਬਾਣੀ ਦੇ ਕੀਰਤਨ ਪ੍ਰਵਾਹ ਚਲਦੇ ਰਹੇ ਅਤੇ ਅੱਠ ਵਾਰੀ ਕੀਰਤਨ ਰਾਹੀਂ ਭੋਗ ਪਾਏ ਗਏ ਹਨ ਅਤੇ ਇਕ ਵਾਰੀ ਭਾਈ ਸਾਹਿਬ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਵੀ ਭੋਗ ਪਾਏ ਗਏ ਹਨ। ਜਿਸ ਦੀ ਖੁਸ਼ੀ ਵਿੱਚ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕੀਰਤਨ ਸਮਾਗਮ ਹੋ ਰਹੇ ਹਨ। ਜਿਸ ਵਿੱਚ ਦੇਸ਼ਾਂ-ਵਿਦੇਸ਼ਾਂ ਤੋਂ ਅਖੰਡ ਕੀਰਤਨੀ ਜਥੇ ਹਾਜ਼ਰੀ ਭਰਨਗੇ। ਸੋ ਆਪ ਜੀ ਦੇ ਚਰਨਾਂ ਵਿੱਚ ਸਨਿਮਰ ਬੇਨਤੀ ਹੈ ਕਿ ਆਪ ਜੀ ਆਏ ਦੀਦਾਰੇ ਬਖਸ਼ੋ ਜੀ।

## ਕੀਰਤਨ ਪ੍ਰੋਗਰਾਮ

**ਸੋਦਰੁ ਦੀ ਚੌਂਕੀ ਉਪਰੰਤ ਕੀਰਤਨ ਰੋਜ਼ਾਨਾ ਸ਼ਾਮ 7.00 ਤੋਂ 9.30 ਵਜੇ ਤੱਕ**

31 ਅਕਤੂਬਰ ਮੰਗਲਵਾਰ ਨੂੰ ਗੁਰਦੁਆਰਾ ਥੰਮ੍ਹ ਜੀ ਸਾਹਿਬ ਪਾ: ਪੰਜਵੀਂ, ਕਰਤਾਰਪੁਰ।
2 ਨਵੰਬਰ ਵੀਰਵਾਰ ਨੂੰ ਭਾਈ ਦਰਸ਼ਨ ਸਿੰਘ ਜੀ ਦੇ ਗ੍ਰਹਿ, ਪਿੰਡ ਟਾਹਲੀ ਸਾਹਿਬ।
3 ਨਵੰਬਰ ਸ਼ੁਕਰਵਾਰ ਨੂੰ ਗੁਰਦੁਆਰਾ ਸਾਹਿਬ, ਦਿਆਲਪੁਰ।

LIVE ON AKJ.Org Live

**4 ਨਵੰਬਰ 2023 ਦਿਨ ਸ਼ਨੀਵਾਰ ਸਵੇਰ ਨੂੰ ਗੁਰਦੁਆਰਾ ਸਾਹਿਬ ਪਿੰਡ ਦਿਆਲਪੁਰ ਵਿਖੇ**

ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ 6.00 ਵਜੇ ਸਵੇਰੇ ਉਪਰੰਤ ਕੀਰਤਨ ਆਸਾ ਦੀ ਵਾਰ ਦੁਪਿ: ਤੱਕ

**ਰੈਣਿ ਸਬਾਈ ਕੀਰਤਨ ਮਿਤੀ 4 ਨਵੰਬਰ 2023 ਦਿਨ ਸ਼ਨੀਵਾਰ ਨੂੰ**

ਸ਼ਾਮ ਨੂੰ ਸੋਦਰੁ ਰਹਿਰਾਸ ਦੇ ਪਾਠ ਉਪਰੰਤ ਕੀਰਤਨ ਆਰੰਭ ਹੋਣਗੇ
ਜਿਸ ਦੀ ਸਮਾਪਤੀ 5 ਨਵੰਬਰ 2023 ਦਿਨ ਐਤਵਾਰ ਨੂੰ ਸਵੇਰੇ 5.00 ਵਜੇ ਹੋਵੇਗੀ।



ਅੰਮ੍ਰਿਤ ਸੰਚਾਰ : ਮਿਤੀ 4 ਨਵੰਬਰ ਦਿਨ ਸ਼ਨੀਵਾਰ ਨੂੰ ਸ਼ਾਮ 7.00 ਵਜੇ ਹੋਵੇਗਾ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
ਫੋਨ : 99888-02622, 98143-12950, 98150-81102, 99152-17632, 89682-97779, 98143-00245, 93162-22531

ਵਲੋਂ : ਅਖੰਡ ਕੀਰਤਨੀ ਜੱਥਾ ਸਮੂਹ ਸੰਗਤ ਦਿਆਲਪੁਰ ਕਰਤਾਰਪੁਰ, ਜਲੰਧਰ ਅਤੇ ਬਾਬਾ ਬਕਾਲਾ ਸਾਹਿਬ / ਦਾਸਰੇ : ਮਾਸਟਰ ਗੁਰਬਚਨ ਸਿੰਘ ਦਿਆਲਪੁਰ, ਭਾਈ ਕੁਲਵੰਤ ਸਿੰਘ 'ਕਾਕੀ ਪਿੰਡ'

# ਆਗਮਨ ਪੁਰਬ

## ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ

## ਮਿਤੀ 25 ਨਵੰਬਰ ਤੋਂ 28 ਨਵੰਬਰ 2023

### ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ, ਨਕੋਦਰ ਰੋਡ, ਜਲੰਧਰ

**ਅਕਾਲ ਪੁਰਖ ਵਾਹਿਗੁਰੂ ਜੀ ਦੀ ਵਰੋਸਾਈ ਪ੍ਰਤੱਖ ਨਿਰੰਕਾਰੀ ਜੋਤ, ਸ਼ਬਦ ਸਵਰੂਪ**

ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਸਬੰਧੀ ਆਦਿ ਜੁਗਾਦੀ ਨਾਮ ਬਾਣੀ ਦੀਆਂ ਅਸੀਸਾਂ ਪ੍ਰਾਪਤ ਕਰਨ ਲਈ ਆਇ ਦੀਦਾਰ ਬਖਸ਼ੋ ਜੀ।

**ਸਵੇਰ**

**ਮਿਤੀ 25 ਨਵੰਬਰ 2023 ਦਿਨ ਸ਼ਨੀਵਾਰ**

ਅੰਮ੍ਰਿਤ ਵੇਲਾ ਸਮਾਗਮ 12.00 ਤੋਂ 2.30 ਵਜੇ ਤੱਕ
ਕੀਰਤਨ ਆਸਾ ਦੀ ਵਾਰ 2.30 ਤੋਂ 5.00 ਉਪਰੰਤ ਅਰੰਭ
ਸ੍ਰੀ ਅਖੰਡ ਪਾਠ ਸਾਹਿਬ, ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ

**ਸ਼ਾਮ**

**ਮਿਤੀ 25 ਨਵੰਬਰ 2023 ਦਿਨ ਸ਼ਨੀਵਾਰ**

ਕੀਰਤਨ 6.30 ਤੋਂ 9.30 ਵਜੇ ਤੱਕ
ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ

**ਸਵੇਰ**

**ਮਿਤੀ 26 ਨਵੰਬਰ 2023 ਦਿਨ ਐਤਵਾਰ**

ਕੀਰਤਨ ਆਸਾ ਦੀ ਵਾਰ 7.00 ਤੋਂ 12.00 ਵਜੇ ਤੱਕ
ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ

**ਸ਼ਾਮ**

**ਮਿਤੀ 26 ਨਵੰਬਰ 2023 ਦਿਨ ਐਤਵਾਰ**

ਕੀਰਤਨ 6.30 ਤੋਂ 9.30 ਵਜੇ ਤੱਕ
ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ

**ਸਵੇਰ**

**ਮਿਤੀ 27 ਨਵੰਬਰ 2023 ਦਿਨ ਸੋਮਵਾਰ**

ਅੰਮ੍ਰਿਤ ਵੇਲਾ ਸਮਾਗਮ 12.00 ਤੋਂ 4.00 ਵਜੇ ਤੱਕ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ ਸਵੇਰੇ 5 ਵਜੇ
ਉਪਰੰਤ ਕੀਰਤਨ ਆਸਾ ਦੀ ਵਾਰ ਦੁਪਹਿਰ ਤੱਕ
ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ

**ਸ਼ਾਮ**

**ਮਿਤੀ 27 ਨਵੰਬਰ 2023 ਦਿਨ ਸੋਮਵਾਰ**

ਸੋ ਦਰੁ ਦੀ ਚੌਕੀ ਉਪਰੰਤ ਕੀਰਤਨ ਰੈਣਿ ਸਬਾਈ
ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ
ਸਮਾਪਤੀ 28 ਨਵੰਬਰ 2023 ਸਵੇਰੇ 5 ਵਜੇ

**ਅੰਮ੍ਰਿਤ ਸੰਚਾਰ** ਮਿਤੀ 27 ਨਵੰਬਰ ਦਿਨ ਸੋਮਵਾਰ ਸ਼ਾਮ ਨੂੰ 7.00 ਵਜੇ ਹੋਵੇਗਾ

ਸੰਗਤਾਂ ਨੂੰ ਬੇਨਤੀ ਹੈ ਕਿ ਸ੍ਰੀ ਅਖੰਡ ਪਾਠ ਸਾਹਿਬ ਅਤੇ ਕੀਰਤਨ ਸਮਾਗਮਾਂ ਦਾ ਵੱਧ ਤੋਂ ਵੱਧ ਲਾਹਾ ਲੈ ਕੇ ਆਪਣਾ ਜੀਵਨ ਸਫ਼ਲ ਕਰੀਏ ਜੀ।
ਮਿਤੀ 27 ਨਵੰਬਰ ਨੂੰ ਦਿਵਸ ਸੁਹੇਲਾ ਅਤੇ ਰੈਣਿ ਸਬਾਈ ਦਾ ਸਿੱਧਾ ਪ੍ਰਸਾਰਣ www.akj.org ਤੇ ਕੀਤਾ ਜਾਵੇਗਾ।

**ਨੋਟ** ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ ਲਾਇਲਪੁਰ ਖ਼ਾਲਸਾ ਸੀ. ਸੈ. ਸਕੂਲ, ਨਕੋਦਰ ਰੋਡ, ਜਲੰਧਰ ਵਿਖੇ ਹੀ ਹੋਵੇਗਾ

**ਨੋਟ** ਸੰਗਤਾਂ ਦੀ ਸੁਵਿਧਾ ਲਈ ਟਰਾਂਸਪੋਰਟ ਸੇਵਾ ਲਈ ਇਨ੍ਹਾਂ ਨੰਬਰਾਂ ਤੇ ਸੰਪਰਕ ਕਰੋ ਜੀ:- 98159-64001, 93162-76101, 98140-70584

**ਪ੍ਰਬੰਧਕੀ ਦਾਸਰੇ** **ਅਖੰਡ ਕੀਰਤਨੀ ਜੱਥਾ, ਜਲੰਧਰ (ਰਜਿ.)**

**ਸੰਪਰਕ ਲਈ ਫੋਨ ਨੰਬਰ**

| ਭਾਈ ਕੁਲਵੰਤ ਸਿੰਘ | ਭਾਈ ਸੁਖਦੇਵ ਸਿੰਘ | ਭਾਈ ਬਲਜੀਤ ਸਿੰਘ | ਭਾਈ ਜਸਬੀਰ ਸਿੰਘ | ਭਾਈ ਮਨਪ੍ਰੀਤ ਸਿੰਘ | ਭਾਈ ਤਰਲੋਚਨ ਸਿੰਘ |
|---|---|---|---|---|---|
| 99150-00453 | 98140-54130 | 98159-64001 | 98722-11737 | 98140-70854 | 98554-99511 |

**ਧੰਨੁ ਧੰਨੁ ਧੰਨੁ ਜਨੁ ਆਇਆ ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥**








ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਲਾਨਾ ਅਖੰਡ ਕੀਰਤਨ ਸਮਾਗਮ ਖੰਨਾ ਵਿਖੇ ਮਿਤੀ 13.10.2023 ਤੋਂ ਲੈ ਕੇ 15.10.2023 ਤਕ ਅਖੰਡ ਕੀਰਤਨੀ ਜੱਥਾ, ਖੰਨਾ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ, ਮਲੇਰਕੋਟਲਾ ਰੋਡ, ਖੰਨਾ ਵਿਖੇ ਮਨਾਇਆ ਗਿਆ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਦੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।

Registered with the Registrar
of News Papers of India
Regd. No. R-70727/99

# ATAM RANG
## November 2023

Postal Regd. No.
CHDG/0025/2021-23

## ਢਾਡੀ ਗੁਣ ਗਾਵੈ ਨਿਤੁ ਜਨਮ ਸਵਾਰਿਆ ॥








ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਲਾਨਾ ਅਖੰਡ ਕੀਰਤਨ ਸਮਾਗਮ ਖੰਨਾ ਵਿਖੇ ਮਿਤੀ 13.10.2023 ਤੋਂ ਲੈ ਕੇ 15.10.2023 ਤਕ ਅਖੰਡ ਕੀਰਤਨੀ ਜੱਥਾ, ਖੰਨਾ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ, ਮਲੇਰਕੋਟਲਾ ਰੋਡ, ਖੰਨਾ ਵਿਖੇ ਮਨਾਇਆ ਗਿਆ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ।ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਦੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।

Design & Print: Jai Offset Printers 0172-4616905